# ਚੋਣਵੇਂ ਲਲਿਤ ਨਿਬੰਧ

ਡਾ. ਕੁਲਬੀਰ ਸਿੰਘ ਕਾਂਗ

ਭਾਸ਼ਾ ਵਿਭਾਗ, ਪੰਜਾਬ

ਚੋਣਵੇਂ ਲਲਿਤ ਨਿਬੰਧ

ਡਾ. ਕੁਲਬੀਰ ਸਿੰਘ ਕਾਂਗ

**CHONVEN LALIT NIBANDH (In Punjabi)**

**Dr. Kulbir Singh Kang**

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 1997

ਕਾਪੀਆਂ : 5000

ਮੁੱਲ : 11-00 ਰੁਪਏ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਛਾਪਕ : ਨਿਊ ਆਰਟ ਪ੍ਰੈਸ, ਜਲੰਧਰ

ਰਾਹੀਂ :ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ

## ਮੁਢਲੀ ਗੱਲ

ਭਾਸ਼ਾ ਵਿਭਾਗ ਪੰਜਾਬ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਵਚਨਬੱਧ ਹੈ। ਸਾਹਿਤ ਰਚਨਾ ਦੇ ਕਾਰਜ ਵਿਚ ਜੁੱਟੇ ਹੋਏ ਸਾਹਿਤਕਾਰਾਂ ਦੇ ਸਹਿਯੋਗ ਨਾਲ ਵਿਭਾਗ ਦੁਆਰਾ ਅਨੇਕਾਂ ਸਕੀਮਾਂ ਚਲਾਈਆਂ ਜਾਂਦੀਆਂ ਹਨ ਜਿਨ੍ਹਾਂ ਦੇ ਤਹਿਤ ਬਾਲ ਸਾਹਿਤ ਤੋਂ ਲੈ ਕੇ ਕਲਾਸਕੀ ਸਾਹਿਤ ਅਤੇ ਵਿਸ਼ਵਕੋਸ਼ ਵਰਗੇ ਪ੍ਰਾਜੈਕਟਾਂ ਤੇ ਕੰਮ ਕੀਤਾ ਜਾਂਦਾ ਹੈ। ਇਸ ਆਸ਼ੇ ਨੂੰ ਮੁਖ ਰਖਕੇ ਪੰਜਾਬੀ ਦੇ ਸਾਹਿਤ ਭੰਡਾਰ ਨੂੰ ਹੋਰ *ਭਰਪੂਰ ਕਰਨ ਲਈ ਅਤੇ ਪੰਜਾਬੀ ਦੇ ਉਘੇ ਲੇਖਕਾਂ ਦੀਆਂ ਉਚਪਾਏ ਦੀਆਂ ਰਚਨਾਵਾਂ ਨੂੰ ਆਮ ਪਾਠਕ ਤਕ ਵਾਜਬ ਕੀਮਤ ਤੇ ਮੁਹੱਈਆ ਕਰਨ ਲਈ ਪੇਪਰ ਬੈਕ ਸਕੀਮ ਵੀ ਆਰੰਭ ਕੀਤੀ ਗਈ ਹੈ ਇਸ ਨਾਲ ਨਾ ਸਿਰਫ ਸਸਤੀ ਕੀਮਤ ਤੇ ਮਿਆਰੀ ਸਾਹਿਤ ਉਪਲਬਧ ਹੁੰਦਾ ਹੈ ਸਗੋਂ ਕਾਫ਼ੀ ਗਿਣਤੀ ਵਿਚ ਪੁਸਤਕਾਂ ਛਾਪਣ ਨਾਲ ਲੇਖਕਾਂ ਦਾ ਮਨੋਬਲ ਤੇ ਪਾਠਕਾਂ ਦੀ ਗਿਣਤੀ ਦਾ ਦਾਇਰਾ ਵੱਧਦਾ ਹੈ। ਇਸ ਸੀਰੀਜ਼ ਅਧੀਨ ਭਾਈ ਵੀਰ ਸਿੰਘ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਹਰਨਾਮ ਦਾਸ ਸਹਿਰਾਈ, ਨਰਿੰਦਰਪਾਲ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ ਡਾ. ਹਰਿਭਜਨ ਸਿੰਘ ਆਦਿ ਤੋਂ ਲੈ ਕੇ ਆਧੁਨਿਕ ਲੇਖਕਾਂ ਦੀਆਂ ਸੌ ਤੋਂ ਵੱਧ ਰਚਨਾਵਾਂ ਹੱਥ ਵਿਚ ਲਈਆਂ ਗਈਆਂ ਹਨ ਇਸੇ ਲੜੀ ਹੇਠ ਪੁਸਤਕ 'ਚੋਣਵੇਂ ਲਲਿਤ ਨਿਬੰਧ' ਤੁਹਾਡੀ ਨਜ਼ਰ ਕਰ ਰਹੇ ਹਾਂ।

ਡਾ. ਕੁਲਬੀਰ ਸਿੰਘ ਕਾਂਗ ਪੰਜਾਬੀ ਸਾਹਿਤ ਸੰਸਾਰ ਦੇ ਵਿਲੱਖਣ ਹਸਤਾਖ਼ਰ ਹਨ। ਨਿਰਪੱਖ ਆਲੋਚਕ, ਸਫ਼ਲ ਅਨੁਵਾਦਕ, ਸੁਹਿਰਦ ਸੰਵੇਦਨਸ਼ੀਲ ਅਨੁਭਵੀ ਲੇਖਕ ਦੇ ਤੌਰ ਤੇ ਪਿਛਲੇ ਚਾਰ ਦਹਾਕਿਆਂ ਤੋਂ ਨਿਰੰਤਰ ਸਾਹਿਤਕ ਭੰਡਾਰ ਵਿਚ ਨਿਰਾ ਵਾਧਾ ਹੀ ਨਹੀਂ ਕਰ ਰਹੇ ਸਗੋਂ ਲਲਿਤ ਨਿਬੰਧ ਜਿਹੀਆਂ ਨਵੀਆਂ ਨਰੋਈਆਂ ਕਿਰਤਾਂ ਦੇ ਬਾਨੀ ਵਜੋਂ ਸਥਾਪਤ ਹੋਏ ਹਨ। 'ਨਾਦ ਅਨਾਹਦ', 'ਸੋਗੀ ਸੰਗੀਤ ਦਾ ਜਾਦੂ', 'ਉਦਾਸ ਦਰਖ਼ਤਾਂ ਦੇ ਮੌਨ-ਨਗਮੇ', 'ਹਰਿਮੰਦਰ ਉਦਾਸ ਹੈ', 'ਨਦੀ ਕਿਨਾਰੇ ਪਿਆਸਾ ਮਨੁੱਖ', 'ਹਰਿਮੰਦਰ ਮੁਸਕਾਉਂਦਾ ਹੈ' ਆਦਿ ਅਜਿਹੇ ਲਲਿਤ ਨਿਬੰਧ ਸੰਗ੍ਰਹਿ ਹਨ ਸਮੁੱਚੀ

ਕਾਇਨਾਤ ਦੇ ਦੁਖਾਂ-ਸੁਖਾਂ, ਹੌਕਿਆਂ-ਹਾਸਿਆਂ, ਉਮੰਗਾਂ ਇੱਛਾਵਾਂ, ਲੋੜਾਂ-ਥੁੜਾਂ ਦੀ ਬਾਤ ਪਾਉਂਦੇ ਹੋਏ ਦੁਬਧਾ-ਦਵੰਦ 'ਚ ਲੜਖੜਾ ਰਹੇ। ਮਾਨਵੀ ਸਮਾਜ ਲਈ ਚੁੰਮਣੇ ਦਾ ਕੰਮ ਕਰਦੇ ਹਨ। ਕਵਿਤਾ ਵਰਗੀ ਰਵਾਨਗੀ ਗਲਪ ਵਰਗੀ ਗੰਭੀਰਤਾ, ਨਿਬੰਧ ਵਰਗੀ ਸੰਜੀਦਗੀ ਹਥਲੇ ਚੋਣਵੇਂ ਲਲਿਤ ਨਿਬੰਧਾਂ ਦੇ ਇਸ ਸੰਗ੍ਰਹਿ ਦਾ ਮੀਰੀ ਗੁਣ ਹੈ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਹਾਰਦਿਕ ਸੁਆਗਤ ਕਰਨਗੇ।

ਡਾ. ਮਦਨ ਲਾਲ ਹਸੀਜਾ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਤਤਕਰਾ


ਕ੍ਰਮ ਨੰ:

1. ਗਮਲੇ ਵਿਚ ਉੱਗਿਆ ਫੁੱਲ 7

2. ਰਾਹ ਵਿਚ ਡਿਗੀ ਖੁਰਮਾਨੀ 9

3. ਜੀਵਨ ਤੇ ਮੌਤ 11

4. ਨਵੇਂ ਵਰ੍ਹੇ ਦਾ ਨਿਬੰਧ 12

5. ਹਰਿਮੰਦਰ ਉਦਾਸ ਹੈ ! 14

6. ਨਦੀ ਕਿਨਾਰੇ ਪਿਆਸਾ ਮਨੁੱਖ 18

7. ਕੁਰੁਸ਼ੇਤਰ ਰਣਭੂਮੀ ਵਿਚ ਬੈਠਾ ਯੁਧਿਸ਼ਟਰ 20

8. ਰੂਪੀ, ਲੁਡੋ ਤੇ ਮੈਂ 23

9. ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ 24

10. ਅੱਲਾ ਹੂ ਦਾ ਆਵਾਜ਼ਾਂ ਆਵੇ ! 26

11. ਫ਼ੌਜਾਂ 28

12. ਪਿਆਰ 30

13. ਸ਼ਹੀਦ ਤੇ ਧਰਮ 32

14. ਸੜਕ ਪਾਰ ਕਰਦਾ ਬੁਢੇਪਾ 34

15. ਹਰਿਮੰਦਰ ਮੁਸਕ੍ਰਾਉਂਦਾ ਹੈ 36

16. ਦਿੱਲੀ ਦੀਆਂ ਗਲੀਆਂ, ਧੂੜ ਤੇ ਮਹਿਕ 42

17. ਸ਼ਹੀਦ 47

18. ਸਹਿਮ ਤੇ ਸੰਤਾਪ 49

19. ਝੀਲਾਂ-ਚਸ਼ਮੇ ਤੇ ਮਨੁੱਖ 51

20. ਪੱਛਮੀ ਪੈਣਾਂ ਦਾ ਸੰਗੀਤ 53
21. ਰੁਪਏ ਦੀਆਂ ਚਾਰ ਪੌਲੀਆਂ 55
22. ਜਾਗੋ ਵੇ, ਜਾਗੋ ਆਈਆ ! 58
23. ਚਿੜੀਓ ! ਚਿੜੀਓ ! ਨਾ ਲੜੋ !! 60
24. ਇਕ ਸੁਆਣੀ ਦਾ ਗੀਤ 63
25. ਔਰਤ 66
26. ਉਦਾਸ ਦਰਖ਼ਤਾਂ ਦੇ ਮੌਨ-ਨਗਮੇ 68
27. ਦੋਸਤੀ-ਪੰਧ ਦਾ ਸਿਖਰ ਪੜਾਅ 70
28. ਬਾਜਤ ਢੋਲ ਮ੍ਰਿਦੰਗ ਨਗਾਰੇ 73
29. ਸਮਾਂ 77
30. ਸੋਗੀ ਸੰਗੀਤ ਦਾ ਜਾਦੂ 78
31. ਹਥੇਲੀ 'ਤੇ ਬੈਠਾ ਚੰਨ 80
32. ਗੱਡੀ ਦੀ ਹੂਕ-ਪਹਾੜਾਂ ਦੀ ਸਦਾ 81
33. ਵਿਦੇਸ਼ੀ ਵਸਤਰ 84
34. ਵਫ਼ਾ 86
35. ਪੂਣੀਏਂ ! ਮੁਕ ਜਾ ਨੀ 88
36. ਸੰਗੀਤ 90
37. ਹੰਝੂ 92
38. ਚਿੜੀਆਂ, ਗਟਾਰਾਂ ਤੇ ਡਬਲ ਰੋਟੀ 94
39. ਸਲੀਬ 'ਤੇ ਟੰਗਿਆ ਖੁਦਾ 97
40. ਦੋਸਤੀ 100

# ਗਮਲੇ ਵਿਚ ਉੱਗਿਆ ਫੁੱਲ

ਇਸ ਉਪ-ਮਹਾਂ ਨਗਰ ਦੀ ਇਕ ਬਸਤੀ ਵਿਚ ਆਲ੍ਹਣੇ ਵਰਗਾ ਮੇਰਾ ਘਰ ਬਣਿਆ ਤਾਂ ਮੇਰੇ ਛੋਟੇ ਲੜਕੇ ਨੇ ਦੋ ਗਮਲਿਆਂ ਵਿਚ ਫੁੱਲਾਂ ਦੇ ਬੂਟੇ ਲਗਾ ਦਿਤੇ ਰੋਜ਼ ਪਾਣੀ ਦੇਂਦਾ ਰਿਹਾ, ਪੌਦੇ ਵਧਦੇ ਵੇਖਦਾ ਰਿਹਾ-ਜਿਵੇਂ ਆਸ਼ਵੰਤ ਮਾਂ ਆਪਣੇ ਅੰਦਰ ਉਗਮ ਰਹੇ ਨਿੱਕੇ ਨਿੱਕੇ ਅੰਗਾਂ ਨੂੰ ਅਨੁਭਵ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਮਾਂ ਦੀਆਂ ਅੱਖਾਂ ਵਿਚ ਇਕ ਅਕਹਿ ਉਨਮਾਦ ਤੇ ਪਵਿਤਰਤਾ ਹੁੰਦੀ ਹੈ। ਮੇਰਾ ਮਾਸੂਮ ਬੱਚਾ ਵੀ ਇਸੇ ਤਰ੍ਹਾਂ ਦਾ ਜਾਪਦਾ ਸੀ। ਉਹ ਰੋਜ਼ ਸੂਬਾ ਉਠਦਿਆਂ ਸਾਰ ਹੀ ਬਾਹਰ ਚਲਾ ਜਾਂਦਾ ਤੇ ਕੋਈ ਫੁੱਲ ਨਾ ਉਗਿਆ ਵੇਖ ਕੇ ਮਾਯੂਸ ਹੋ ਜਾਂਦਾ, ਅਸੀਂ ਵੀ ਉਸ ਦੀ ਖੁਸ਼ੀ ਵਿਚ ਸ਼ਾਮਲ ਹੁੰਦੇ, ਮੁਸਕਰਾਉਂਦੇ ਰਹਿੰਦੇ;

ਇਕ ਦਿਨ ਸਵੇਰੇ ਹੀ ਉਸ ਨੇ ਖੁਸ਼ੀ ਦਾ ਕਹਿਕਾ ਮਾਰਿਆ, "ਮੰਮੀ. ਦੇਖੋ ਫੁੱਲ ਉੱਗ ਆਇਆ ਜੇ।"

ਅਸਾਂ ਸਾਰਿਆਂ ਉਹ ਨਿੱਕਾ ਜਿਹਾ ਫੁੱਲ ਵੇਖਿਆ, ਬੱਚੇ ਦੀਆਂ ਬੁਲ੍ਹੀਆਂ ਵਰਗੇ ਉਸ ਦੇ ਕੋਮਲ ਗੁਲਾਬੀ ਪੱਤੇ। ਡਾਲ ਦੇ ਸਿਖਰ 'ਤੇ ਖਿੜ ਉਠਿਆ ਉਹ ਫੁੱਲ ਅਭਿਮਾਨ ਨਾਲ ਲਹਿਰਾ ਰਿਹਾ ਸੀ। ਹੱਥ ਲਾ ਲੈਣ ਨੂੰ ਜੀ ਨਹੀਂ ਸੀ ਕਰਦਾ ਮਤਾ ਪੱਤੀਆਂ ਝੜ ਜਾਣ। ਸਾਡੇ ਬੱਚੇ ਨੇ ਛੇਤੀ ਹੀ ਸਾਨੂੰ ਉਥੋਂ ਭਜਾ ਦਿਤਾ ਤਾਂ ਜੇ ਅਸੀਂ ਕਿਤੇ ਹੱਥ ਨਾ ਲਾ ਦੇਈਏ।

ਸਾਡੇ ਘਰ ਦਾ ਫੁੱਲ, ਗਮਲੇ ਦੇ ਫੁੱਲ ਦਾ ਸਿਰਜਨਹਾਰ ਸੀ। ਸਿਰਜਨਾ ਕੇਡਾ ਪਵਿਤਰ ਕਰਮ ਹੈ, ਮਨੁੱਖ ਰੱਬ ਦੇ ਹਾਣ ਦਾ ਬਣ ਜਾਂਦਾ ਹੈ।

ਦੂਜੇ ਗਮਲੇ ਵਿਚ ਵੀ ਇਕ ਨਿੱਕਾ ਜਿਹਾ ਫੁੱਲ ਖਿੜਿਆ। ਉਹੋ ਅਨੁਭਵ ਓਹੋ ਅਹਿਸਾਸ।

ਕੁਝ ਦਿਨ ਬਾਅਦ ਮੈਨੂੰ ਆਪਣੇ ਨਗਰ ਤੋਂ ਬਾਹਰ 15-20 ਮੀਲ ਦੂਰ ਇਕ ਪਿੰਡ ਵਿਚ ਜਾਣਾ ਪਿਆ। ਇਸ ਵਾਰ ਭਿਅੰਕਰ ਮੀਂਹ ਪਏ ਸਨ। ਦੂਰ ਦੂਰ ਤਕ ਅਜੇ ਵੀ ਪਾਣੀ ਦੇ ਨਿੱਕੇ ਨਿੱਕੇ ਸਮੁੰਦਰ (ਛਪੜ) ਨਜ਼ਰ ਆਉਂਦੇ ਸਨ. ਇਕ ਪਿੰਡ ਦੇ ਉਰਾਰ ਇਕ ਵਡੇ ਸਾਰੇ ਛੰਭ ਵਿਚ ਰੰਗਾ-ਰੰਗ ਦੇ ਕਮਲ ਫੁੱਲ ਖਿੜੇ ਸਨ। ਵਡੀਆਂ ਵਡੀਆਂ ਗੁਲਾਬੀ ਪੱਤੀਆਂ, ਚਿੱਕੜ ਵਿਚ ਡੁਬੀ ਲੰਮੀ ਸਾਰੀ ਡੋਡੀ। ਵਡੇ ਵਡੇ ਫੁੱਲਾਂ ਤੋਂ ਉਰਾਂ ਚਿੱਟੀਆਂ ਕੰਮੀਆਂ ਵੀ ਇੰਜ ਖੜੀਆਂ ਸਨ ਜਿਵੇਂ ਕੁਮਾਰ ਅਵਸਥਾ ਦੀਆਂ ਗੋਰੀਆਂ ਕੋਮਲ ਕੰਨਿਆਵਾਂ ਸ਼ਰਮ ਰਹੀਆਂ ਹੋਣ।

ਇਨ੍ਹਾਂ ਕੰਵਲ-ਸਰਾਂ ਨੂੰ ਕਿਸ ਨੇ ਪੈਦਾ ਕੀਤਾ? ਪ੍ਰਕਿਰਤੀ ਦਾ ਇਹ ਗੌਰਵ ਉਸ ਦੀ ਅਨੰਤਤਾ ਦਾ ਇਕ ਕਣ ਮਾਤਰ ਹੀ ਸੁਤੰਤਰ ਪ੍ਰਕ੍ਰਿਤੀ ਦਾ ਜਲੌ ਲਾਸਾਨੀ ਹੈ, ਮੈਨੂੰ ਘਰ ਦੇ ਗਮਲੇ ਵਿਚ ਉੱਗਿਆ ਫੁੱਲ ਬਹੁਤ ਨਿਗੂਣਾ ਜਾਪਣ ਲਗਾ-ਸਗੋਂ ਉਸ ਦੀ ਪ੍ਰਾਧੀਨਤਾ ਉਤੇ ਤਰਸ ਜਾਗ ਪਿਆ। ਇਕ ਨਿਮਾਣਾ ਗਮਲੇ ਵਿਚ ਉੱਗਿਆ ਫੁੱਲ, ਆਪਣੇ ਅਸਲ ਘਰ ਤੋਂ ਵੰਚਿਤ। ਮਨੁੱਖ ਵੀ ਕਿੱਡਾ ਸ਼ੈਤਾਨ ਹੈ, ਕੋਮਲ ਤੋਂ ਕੋਮਲ ਵਸਤੂ ਨੂੰ ਵੀ ਆਪਣੀ ਖੁਸ਼ੀ ਲਈ ਕੈਦ ਕਰ ਲੈਂਦਾ ਹੈ।

# ਰਾਹ ਵਿਚ ਡਿਗੀ ਖੁਰਮਾਨੀ

ਪਹਾੜ ਦੇ ਇਸ ਵੀਰਾਨ ਇਲਾਕੇ ਵਿਚ ਮੈਨੂੰ ਆਤਮਕ ਆਨੰਦ ਪ੍ਰਤੀਤ ਹੋ ਰਿਹਾ ਸੀ-ਨਿਰਜੀਵ ਵਾਤਾਵਰਣ, ਕਿਤੇ ਕਿਤੇ ਯਾਤਰੂ ਪੰਛੀ ਦੀ ਆਵਾਜ਼। ਜਾਂ ਕਿਸੇ ਪਹਾੜੀ ਆਜੜਨ ਦੀ "ਹੋ ! ਹੋ !" ਜ਼ਿੰਦਗੀ ਦੀ ਹੋਂਦ ਦਾ ਪਤਾ ਦੇਂਦੀ ਸੀ। ਅਸਲ ਵਿਚ ਮੈਂ ਰਾਹ ਭੁੱਲ ਗਿਆ ਸਾਂ, ਪਰ ਤਾਂ ਵੀ ਚੰਗਾ ਚੰਗਾ ਲਗ ਰਿਹਾ ਸੀ।

ਇਕ ਚਸ਼ਮੇ ਤੋਂ ਮੈਂ ਬੁੱਕਾਂ ਵਿਚ ਪਾਣੀ ਪੀਤਾ, ਬਚਪਨ ਯਾਦ ਆ ਗਿਆ ਜਦੋਂ ਖੂਹੀ ਤੇ ਛਬੀਲ ਵਾਲਾ ਪੰਡਿਤ ਪਾਣੀ ਪਿਆਇਆ ਕਰਦਾ ਸੀ ਸਾਡੇ ਸਾਰੇ ਕੱਪੜੇ ਭਿੱਜ ਜਾਂਦੇ, ਪੈਰਾਂ ਤੇ ਪੈਂਦੀਆਂ ਛਿਟਾਂ ਨਾਲ ਪੁਜੀ ਠੰਡਕ ਦਿਮਾਗ ਤਕ ਜਾ ਪਹੁੰਚਦੀ ਸੀ। ਪਾਣੀ ਪੀ ਕੇ ਮੈਂ ਬੁਲ੍ਹਾਂ ਤੇ ਮੂੰਹ ਉਤੋਂ ਦੀ ਹੱਥ ਫੇਰਿਆ ਤੇ ਅੱਖਾਂ ਰਾਹ ਵਲ ਗੱਡੀਆਂ ਗਈਆਂ, ਮੇਰੇ ਨੇੜੇ ਹੀ ਇਕ ਰਸ-ਭਰਪੂਰ ਖੁਰਮਾਨੀ ਡਿਗੀ ਪਈ ਸੀ, ਬੜੀ ਪਿਆਰੀ ਲੱਗ ਰਹੀ ਸੀ, ਕਿਸੇ ਗੁਦਾਜ਼ ਕੁੜੀ ਦੇ ਮੋਟੇ ਰਸਭਰੇ ਬੁਲ੍ਹਾਂ ਵਰਗੀ। ਜਾਪਦਾ ਹੈ ਮੇਰੇ ਵਾਂਗ ਕੋਈ ਯਾਤਰੀ ਇਧਰ ਦੀ ਲੰਘਿਆ ਹੋਵੇਗਾ ਤੇ ਉਸ ਦੇ ਝੋਲੇ ਵਿਚੋਂ ਇਹ ਡਿੱਗ ਪਈ ਹੋਵੇਗੀ। ਮੇਰੇ ਝੋਲੇ ਵਿਚ ਵੀ ਕੁਝ ਖੁਰਮਾਨੀਆਂ ਸਨ, ਇਕ ਨਿੰਬੂ, ਇਕ ਚਾਕੂ ਤੇ ਲੂਣ ਦੀ ਪੁੜੀ ਵੀ ਪਈ ਸੀ। ਮੈਂ ਹਰ ਲੰਬੀ ਸੈਰ ਸਮੇਂ ਖੁਰਮਾਨੀਆਂ ਨਾਲ ਲੈ ਜਾਂਦਾ ਸਾਂ, ਜਾਂ ਭੁੱਜੇ ਛੋਲੇ ਜੋ ਇਕ ਇਕ ਦਾਣਾ ਖਾਂਦਿਆਂ ਸਫ਼ਰ ਦਾ ਸਭ ਤੋਂ ਵੱਡਾ ਸਾਥ ਦੇਂਦੇ ਹਨ। ਖੁਰਮਾਨੀਆਂ ਸੁਆਦ ਵੀ ਦੇਂਦੀਆਂ ਤੇ ਭੁੱਖ ਵੀ ਪੂਰੀ ਕਰਦੀਆਂ। ਮੈਂ ਝੋਲੇ ਵਿਚ ਪਏ ਲਿਫ਼ਾਫ਼ੇ ਨੂੰ ਛੋਹਿਆ, ਮੇਰੀਆਂ ਲੁਸ ਲੁਸ ਕਰਦੀਆਂ ਖੁਰਮਾਨੀਆਂ ਬਿਲਕੁਲ ਠੀਕ ਠਾਕ ਸਨ। ਫਿਰ ਮੈਂ ਉਸ ਰਾਹ ਵਿਚ ਡਿੱਗੀ ਖੁਰਮਾਨੀ ਵਲ ਵੇਖਿਆ, ਇੰਨੀ ਪਿਆਰੀ ਹੋਣ ਦੇ ਬਾਵਜੂਦ ਬੜੀ ਨਿਮਾਣੀ ਲਗ ਰਹੀ ਸੀ-ਜਿਵੇਂ ਬਾਰਸ਼ ਨਾਲੋਂ ਵਿਛੜੀ ਇਕ ਜਲ-ਬੂੰਦ ਜੋ ਤਾਰ 'ਤੇ ਲਟਕ ਜਾਂਦੀ ਹੈ ਪਰ ਹੇਠਾਂ ਨਹੀਂ ਡਿਗਦੀ ਅਤੇ ਧਰਤੀ ਛੂਹੇ ਬਗ਼ੈਰ ਹੀ ਫਿਰ ਬੁਖਾਰਾਤ ਬਣ ਕੇ ਪਿਛਾਂਹ ਹੀ ਮੁੜ ਜਾਂਦੀ ਹੈ, ਜਾਂ ਰੜੇ ਮੈਦਾਨ ਵਿਚ ਇਕੱਲਾ ਉਗਿਆ ਦਰਖਤ। ਇਕ ਖੁਰਮਾਨੀ ਵੀ ਕੀ ਹੈ? ਹੁਣੇ ਕਿਸੇ ਗਊ ਜਾਂ ਭੇਡ ਦੇ ਪੈਰਾਂ ਹੇਠ ਮਿੱਧੀ

ਜਾਵੇਗੀ-ਫਿਰ ਨਿੱਕੇ ਨਿੱਕੇ ਕੀੜੇ ਖ਼ੁਰਾਕ ਦੇ ਇਸ ਖ਼ਜ਼ਾਨੇ ਨੂੰ ਦੋ ਤਿੰਨ ਦਿਨ ਚੂੰਡਦੇ ਰਹਿਣਗੇ, ਪਰ ਇਸ ਦੇ ਅੰਦਰਲੀ ਗਿਰੀ ਤਕ ਕੋਈ ਨਹੀਂ ਪੁੱਜ ਸਕੇਗਾ।

ਸੋਚਿਆ ਕਿ ਇਸ ਨੂੰ ਚੁੱਕ ਲਵਾਂ ਤੇ ਚਸ਼ਮੇ ਦੇ ਨਿਰਮਲ ਨੀਰ ਵਿਚ ਧੋ ਕੇ ਛਕ ਜਾਵਾਂ, ਪਰ ਪਤਾ ਨਹੀਂ ਕਿਹੋ ਜਿਹੀ ਹੋਵੇ, ਮੈਂ ਉਹ ਨਾ ਚੁੱਕੀ। ਇਹਨਾਂ ਹੀ ਸੋਚਾਂ ਵਿਚ ਮੀਲ ਦੇ ਮੀਲ ਅਗੇ ਚਲਾ ਗਿਆ, ਫਿਰ ਵਾਪਸ ਮੁੜਿਆ ਤਾਂ ਉਹ ਉਸੇ ਤਰ੍ਹਾਂ ਰਾਹ ਵਿਚ ਪਈ ਸੀ। ਉਜਾੜ ਰਾਹ ਕਰਕੇ ਇਧਰੋਂ ਕੋਈ ਲੰਘਦਾ ਵੀ ਨਹੀਂ ਸੀ। ਲੁਸ ਲੁਸ ਕਰਦੀ ਖੁਰਮਾਣੀ, ਅਣਚੱਖੀ ਅਤੇ ਅਣਮਾਣੀ। ਰਾਹ ਵਿਚ ਡਿਗੀ ਆਪਣੇ ਆਪ ਤੇ ਝੂਰ ਰਹੀ ਸੀ।

ਇਸ ਖੁਰਮਾਨੀ ਨੇ ਕਈ ਦਿਨ ਮੇਰੀ ਸੋਚ ਮੱਲੀ ਰਖੀ ਕਿਉਂਕਿ ਮੈਨੂੰ ਅਜਿਹੇ ਭਿਆਨਕ ਦੁਖਾਂਤ ਤੋਂ ਡਰ ਆਉਂਦਾ ਹੈ। ਅਣਮਾਣਿਆ ਅਣਹੰਢਾਇਆ ਇਹ ਜੀਵਨ ਕੀ ਹੈ ? ਮੌਤ ਹੈ ?

# ਜੀਵਨ ਤੇ ਮੌਤ

ਹਵਾ ਬੜੇ ਜ਼ੋਰਾਂ ਦੀ ਵਗ ਰਹੀ ਹੈ

ਮਨ ਆਨੰਦ ਦੇ ਵੇਗ ਵਿਚ ਝੂਮ ਉਠਿਆ ਹੈ।

ਇੰਨੇ ਨੂੰ ਇਕ ਪੱਤਾ ਮੇਰੇ ਪੈਰਾਂ ਵਿਚ ਆ ਡਿੱਗਾ।

ਛਿਦਰਿਆ ਸੁੱਕਾ ਪੱਤਾ, ਜਿਸ ਦੀਆਂ ਨਾੜਾਂ ਗਿਣੀਆਂ ਜਾ ਸਕਦੀਆਂ ਹਨ।

ਵਗਦੀ ਹਵਾ ਮੈਨੂੰ ਰੁਕ ਗਈ ਜਾਪੀ।

ਟੁੱਟੇ ਪੱਤੇ ਤੋਂ ਮੌਤ ਚੇਤੇ ਆ ਗਈ ਹੈ।

ਇਹ ਤਾਂ ਉਮਰ ਹੰਢਾ ਗਿਆ, ਮੈਂ ਕਦ ਜਾਣਾ ਹੈ ?

ਮੇਰੇ ਵੇਖਦਿਆਂ ਵੇਖਦਿਆਂ ਸ਼ਿਵ ਕੁਮਾਰ, ਬਾਵਾ ਬਲਵੰਤ, ਨਾਨਕ ਸਿੰਘ, ਬਲੱਗਣ, ਨੂਰਪੁਰੀ, ਬਲਰਾਜ ਸਾਹਨੀ, ਮਹਿਰਮ, ਮੀਸ਼ਾ, ਪਾਸ਼, ਰਾਮਪੁਰੀ ਤੇ ਹੋਰ ਕਈ ਟੁਰ ਗਏ ਹਨ।

ਹਵਾ ਉਸੇ ਤਰ੍ਹਾਂ ਵਗਦੀ ਰਹਿੰਦੀ ਹੈ-ਪੱਤੇ ਡਿਗਦੇ ਰਹਿੰਦੇ ਹਨ, ਉੱਗਦੇ ਰਹਿੰਦੇ ਹਨ। ਜੀਵਨ ਦਾ ਸਾਗਰ ਵਹੀ ਜਾਂਦਾ ਹੈ, ਮੌਤ ਦਾ ਮਗਰਮੱਛ ਥੱਕਦਾ ਹੀ ਨਹੀਂ।

# ਨਵੇਂ ਵਰ੍ਹੇ ਦਾ ਨਿਬੰਧ

ਪਿਛਲੇ ਕੁਝ ਸਾਲਾਂ ਤੋਂ ਹਰ ਸਾਲ ਦੇ ਨਵੇਂ ਸ਼ੁਭ ਦਿਨ ਦੀ ਵਧਾਈ ਦੇਂਦਿਆਂ ਮੇਰੇ ਹੱਥ ਕੰਬ ਜਾਂਦੇ ਹਨ, ਬੁਲ੍ਹਾਂ ਤੇ ਵਿਅੰਗ ਭਰੀ ਮੁਸਕ੍ਰਾਹਟ ਫੈਲ ਜਾਂਦੀ ਹੈ।

ਉਹ ਸ਼ੁਭ ਦਿਨ ਹੁਣ ਕਦੋਂ ਆਵੇਗਾ? ਪਿਛਲੇ 7 ਸਾਲਾਂ ਤੋਂ ਮੇਰੀ ਕੌਮ, ਮੇਰੇ ਪ੍ਰਾਂਤ ਤੇ ਮੇਰੇ ਜਿਹੀ ਸ਼ਕਲ ਦੇ ਲੋਕ ਇਕ ਸੰਤਾਪੀ-ਜੀਵਨ ਜੀਉ ਰਹੇ ਹਨ। ਮੈਂ ਸਰਾਪਾਂ ਵਿਚ ਵਿਸ਼ਵਾਸ ਨਹੀਂ ਰਖਦਾ; ਨਾ ਹੀ ਮੈਨੂੰ ਕਿਸੇ ਵਰਦਾਨ ਦੀ ਉਡੀਕ ਹੈ। ਮੈਨੂੰ ਤਾਂ ਬਸ ਇਹੀ ਯਾਦ ਹੈ ਕਿ 500 ਸਾਲ ਪਹਿਲਾਂ ਮੇਰੀ ਧਰਤੀ ਤੇ ਕਿਸੇ ਗਾਂਵਿਆਂ ਸੀ : 'ਸੱਚ ਸੁਣਾਇਸੀ ਸੱਚ ਕੀ ਬੇਲਾ।'

ਇਸ ਸੱਚ ਦੀ ਖਾਤਰ ਅਸਾਂ ਬੜਾ ਲੰਬਾ ਸਫ਼ਰ ਤੈਅ ਕੀਤਾ ਹੈ-ਕਈ ਵਾਰ ਸਾਨੂੰ ਤਾਰਿਆਂ ਨੇ ਛਲਿਆ ਹੈ। ਅੰਨ੍ਹੀਆਂ ਰਾਤਾਂ ਵਿਚ ਵੀ ਅਸੀਂ ਅਗੇ ਵਧਦੇ ਗਏ-ਸਾਡੇ ਵਿਹੜੇ ਵਿਚ ਸੂਰਜ ਦੀਆਂ ਕਿਰਨਾਂ ਪਹੁੰਚ ਹੀ ਗਈਆਂ ਸਨ। ਸੱਚ ਨੇ ਆਪਣੀ ਜੋਤ ਜਗਾ ਦਿੱਤੀ ਸੀ-ਪਰ ਅਸੀਂ ਫਿਰ ਬਾਰ ਬਾਰ ਭਟਕੇ ਹਾਂ, ਹਰ ਭਟਕਣ ਤੋਂ ਬਾਅਦ ਸਾਨੂੰ ਫਿਰ ਚਾਨਣ ਜ਼ਰੂਰ ਮਿਲਦਾ ਰਿਹਾ ਹੈ।

ਪਰ ਅੱਜ 12 ਦਿਸੰਬਰ ਦੀ ਅੱਧੀ ਰਾਤ ਵੇਲੇ ਦਾ ਜਾਗਿਆ ਹਾਂ, ਨੀਂਦ ਨਹੀਂ ਆ ਰਹੀ। ਆਪਣੇ ਲੋਕਾਂ ਬਾਰੇ ਸੋਚ ਰਿਹਾ ਹਾਂ-ਭਵਿਸ਼ ਬਾਰੇ ਸੋਚ ਰਿਹਾ ਹਾਂ। ਉਹ ਦਿਨ ਵੀ ਯਾਦ ਆ ਰਹੇ ਹਨ ਜਦੋਂ ਇਕ ਅੱਧੀ ਰਾਤ ਨੂੰ ਗੋਲਿਆਂ ਦੀ ਗੜਗੜਾਹਟ ਨੇ ਮੇਰੀ ਨੀਂਦ ਉਖਾੜ ਦਿਤੀ ਸੀ। ਮੇਰੇ ਹੀ ਨਗਰ ਵਿਚ, ਮੇਰੇ ਹੀ ਭਰਾ, ਮੇਰੇ ਹੀ ਭਰਾਵਾਂ ਦੀਆਂ ਤੋਪਾਂ ਦੇ ਗੋਲਿਆਂ ਵਿਚ ਸੜ ਰਹੇ ਸਨ-ਇਕ ਤਖ਼ਤ ਢਹਿ ਰਿਹਾ ਸੀ-ਹਰਿਮੰਦਰ ਮੁਸਕਾ ਰਿਹਾ ਸੀ, ਉਦਾਸ ਮੁਸਕ੍ਰਾਹਟ ਜੋ ਢਹਿ ਰਹੀ ਸੀ-ਇਸ ਤਰ੍ਹਾਂ ਅਸੀਂ ਕਦੀ ਨਹੀਂ ਢਹਿੰਦੇ, ਜੋ ਅਕਾਲ ਹੈ। ਉਹ ਸਮੇਂ ਦੀ ਕੈਦ ਵਿਚ ਬੰਦ ਨਹੀਂ ਹੈ ਸਕਦਾ।

ਫਿਰ ਰਾਜਧਾਨੀ ਦਾ ਬੋਹੜ ਡਿੱਗਾ, ਸਾਰੀ ਰਾਜਧਾਨੀ ਵਿਚ ਇਕ ਰੰਗ, ਇਕ ਨੁਹਾਰ, ਇਕ ਪ੍ਰਕਾਰ ਦੇ ਲੋਕਾਂ ਦੀ ਚਿਖਾ ਬਾਲ ਦਿੱਤੀ ਗਈ।

ਲੰਬੀਆਂ ਗੱਲਾਂ ਹਨ। ਮੇਰੇ ਪੰਜਾਬ ਦੇ ਲੋਕ ਇਨ੍ਹਾਂ ਸੰਕਟਾਂ ਨੂੰ ਸਦੀਆਂ ਤੋਂ ਜਰ ਰਹੇ ਹਨ। ਸੁਲਤਾਨਾਂ ਵੇਲੇ ਹੀ ਬਾਬਾ ਫ਼ਰੀਦ ਸ਼ਾਂਤੀ ਦਾ ਸੁਨੇਹਾ ਦੇ ਰਿਹਾ ਸੀ, ਬਾਬਰ ਵੇਲੇ ਇਕ ਮਹਾਂ-ਕਵੀ ਖ਼ੂਨ ਦੇ ਸੋਹਲੇ ਗਾ ਰਿਹਾ ਸੀ-ਇਕ ਪਾਸੇ ਅਬਦਾਲੀ ਵੇਲੇ ਵੀ ਮਹਾਂ ਕਵੀ ਵਾਰਿਸ ਹੀਰ ਦੀ ਅਮਰ ਗਾਥਾ ਲਿਖ ਰਿਹਾ ਸੀ। ਦੇਸ਼ ਦੀ ਆਜ਼ਾਦੀ ਲਈ ਵੀ ਅਸੀਂ ਬਹੁਤ ਕੁਝ ਗੁਆ ਕੇ ਫਿਰ ਸਭ ਕੁਝ ਬਣਾ ਲਿਆ ਸੀ।

ਅਸੀਂ ਤਬਾਹੀ ਵਿਚ ਮੁਸਕਾਉਣਾ ਜਾਣਦੇ ਹਾਂ। ਬੇਗਾਨਿਆਂ ਦੇ ਦੁੱਖ ਅਸਾਂ ਜਰ ਲਏ ਸਨ, ਹੁਣ ਇਕ ਭਰਾ ਸਾਨੂੰ ਪਰਦੇਸੀ ਬਣਾਉਣਾ ਚਾਹੁੰਦਾ ਹੈ, ਮਨਸੂਰ ਦਾ ਫੁੱਲ ਬਰਦਾਸ਼ਤ ਨਹੀਂ ਹੋ ਰਿਹਾ।

ਸਾਡੇ ਕੁਝ ਬੱਚੇ ਗ਼ਲਤੀਆਂ ਕਰ ਸਕਦੇ ਹਨ ਪਰ ਇਹ ਮਾਪੇ ਕਿੰਨੀ ਦੇਰ ਕੁਮਾਪੇ ਬਣੇ ਰਹਿਣਗੇ? ਇਹ ਭਰਾ ਕਦੋਂ ਤਕ ਬੇਇਨਸਾਫ਼ੀ ਕਰਦੇ ਰਹਿਣਗੇ?

ਅਸਾਂ ਕਲਮ, ਤੁਲਿਕਾ, ਰਾਗ-ਰੰਗ ਤੇ ਕੋਈ ਕਲਾ ਖੇਤਰ ਵਿਚ ਵੀ ਖਾਲੀ ਨਹੀਂ ਛਡਿਆ : ਸਾਨੂੰ ਕੋਈ ਮਾੜੀ ਜਿਹੀ ਹੱਲਾਸ਼ੇਰੀ ਦੇਵੇ ਤਾਂ ਅਸੀਂ ਜਾਨ ਤਲੀ 'ਤੇ ਰਖ ਕੇ ਤੁਰ ਪੈਂਦੇ ਹਾਂ। ਸਰਬੰਸ ਵਾਰ ਸਕਦੇ ਹਾਂ। ਸਾਰਾ ਸੰਸਾਰ ਤੇ ਏਸ਼ੀਆ ਸਾਡੇ ਪੈਰਾਂ ਦੀ ਧਮਕ ਨਾਲ ਗੂੰਜ ਰਿਹਾ ਹੈ। ਅਰਬਾਂ ਕਰੋੜਾਂ ਦਾ ਸੋਨਾ ਅਸਾਂ ਮੋੜ ਲਿਆਂਦਾ ਹੈ।

-ਫਿਰ ਇਹ ਸਰਾਪ ਕਿਉਂ ?

-ਮੈਂ ਨਵੇਂ ਵਰ੍ਹੇ ਤੇ ਆਪ ਨੂੰ ਉਦਾਸ ਨਹੀਂ ਕਰਨਾ ਚਾਹੁੰਦਾ, ਸ਼ਾਇਦ ਇਹੀ ਵਰ੍ਹਾ ਭਾਗੀਂ ਭਰਿਆ ਹੋਵੇ।

ਇਸ ਲਈ ਮੁਬਾਰਕ ਕਬੂਲ ਕਰਨਾ ! ਅੱਖਰ, ਵਾਧਾ, ਘਾਟਾ, ਖਿਮਾ ਕਰਨਾ, ਚੜ੍ਹਦੀ ਕਲਾ ਮੇਰਾ ਨਾਅਰਾ ਹੈ-ਇਸ ਦੇ ਆਸਰੇ ਜੀਵਾਂਗੇ, ਆਖਰੀ ਸਵਾਸਾਂ ਤੱਕ ਹਾਰ ਨਹੀਂ ਮੰਨਣੀ। ਸੱਚ ਹੀ ਜਿੱਤਦਾ ਹੈ, ਕੁਝ ਦੇਰ ਹੋਰ ਸਹੀ, ਇਕ ਸਾਲ ਨਹੀਂ, ਅਸੀਂ ਸਦੀਆਂ ਤਕ ਉਡੀਕ ਸਕਦੇ ਹਾਂ।

ਬਲਯੂ ਸਟਾਰ ਓਪਰੇਸ਼ਨ ਤੋਂ ਪਹਿਲਾਂ ਦਾ ਲਿਖਿਆ ਲੇਖ, ਅਪ੍ਰੈਲ **84**

# ਹਰਿਮੰਦਰ ਉਦਾਸ ਹੈ !

ਅੰਮ੍ਰਿਤਸਰ ਸਾਡਾ ਜੱਦੀ ਸ਼ਹਿਰ ਹੈ ਅਤੇ ਸ੍ਰੀ ਹਰਿਮੰਦਰ (ਦਰਬਾਰ ਸਾਹਿਬ) ਮੇਰਾ ਆਤਮਕ-ਪੰਘੂੜਾ, ਜਿਸ ਦੀਆਂ ਸੰਗਮਰਮਰੀ ਰਵਸ਼ਾਂ ਉਤੇ, ਮੀਂਹ ਵਰ੍ਹਦਿਆਂ ਬਚਪਨ ਸਮੇਂ ਮੱਛੀ ਵਾਂਗ ਤਰਿਆ ਹਾਂ, ਇਸ ਦੇ ਪਠਾਰਾਂ ਬਣਾਉਂਦੇ ਸਰੋਵਰ—ਜਲ ਨੇ ਮੈਨੂੰ ਸਦਾ ਆਵਾਜ਼ਾਂ ਮਾਰੀਆਂ ਹਨ, 20 ਘੰਟਿਆਂ ਦੇ ਨਿਰੰਤਰ ਕੀਰਤਨ ਨੇ ਰਾਗ ਤੇ ਸੰਗੀਤ ਨੂੰ ਸਮਝਣ ਲਈ ਕੰਨਾਂ ਨੂੰ ਇਕ ਸੇਧ ਬਖ਼ਸ਼ੀ ਹੈ। ਇਸ ਦੇ ਗੁੰਬਦਾਂ ਉਤੇ ਬੈਠੇ ਫ਼ਕੀਰਾਂ ਵਰਗੇ ਕਬੂਤਰਾਂ ਦੀ ਆਤਮ-ਬਾਣੀ ਨੂੰ ਸਮਝਿਆ ਹੈ। ਅਕਾਲ ਤਖ਼ਤ ਵਿਚ ਸਥਿਤ ਮਧਕਾਲੀ ਯੋਧਿਆਂ ਦੇ ਸ਼ਸਤਰਾਂ ਦੇ ਦਰਸ਼ਨਾਂ ਨੇ ਇਕ ਅਮੁਕ ਜੋਸ਼ ਦਿਤਾ ਹੈ। ਮੇਰਾ ਰੋਮ ਰੋਮ ਹਰਿਮੰਦਰ ਦਾ ਰਿਣੀ ਹੈ। ਅੰਮ੍ਰਿਤ ਵੇਲੇ ਨੂੰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅੰਦਰ ਲਿਜਾਈ ਜਾਂਦੀ ਹੈ ਤਾਂ ਅਸੀਂ ਉਚੇਚਾ ਜਾਗ ਕੇ ਇਹ ਪਵਿੱਤਰ ਦਰਸ਼ਨ ਕਰ ਜਾਂਦੇ, ਸ਼ਹਿਰ ਦੇ ਹਿੰਦੂ-ਸਿੱਖ ਇਕ ਦੂਜੇ ਤੋਂ ਵਧ ਵਧ ਕੇ ਪਾਲਕੀ ਦੀਆਂ ਰੁਪਹਿਲੀ ਬਾਹੀਆਂ ਨੂੰ ਮੋਢੇ ਦਾ ਆਸਰਾ ਦੇਂਦੇ। ਚਾਰ ਸੌ ਵਰ੍ਹਿਆਂ ਤੋਂ ਨਿਰੰਤਰ ਬਾਬਾ ਬੁੱਢਾ ਜੀ ਦੀ ਬੇਰੀ ਲੋਕਾਂ ਨੂੰ ਫਲ ਦੇ ਰਹੀ ਹੈ, ਅੱਜ ਵੀ ਹਰ ਮੌਸਮ ਤੇ ਇਸ ਦੇ ਪੱਤਿਆਂ 'ਤੇ ਜਵਾਨੀ ਵਰਗਾ ਖੇੜਾ ਆ ਜਾਂਦਾ ਹੈ, ਪੁਰੇ ਦੀ ਹਵਾ ਵਿਚ ਲਹਿਰਾਂਦਾ ਕੇਸਰੀ ਨਿਸ਼ਾਨ ਉੱਚੀਆਂ ਮੰਜ਼ਿਲਾਂ ਤੇ ਪਹੁੰਚਣ ਦੀ ਪ੍ਰੇਰਣਾ ਦੇਂਦਾ ਰਿਹਾ ਹੈ।

ਅੱਜ ਕਲ੍ਹ ਭਾਵੇਂ ਨੌਕਰੀ ਕਿਸੇ ਹੋਰ ਸ਼ਹਿਰ 'ਚ ਕਰਦਾ ਹਾਂ ਪਰ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਤੋਂ ਬਹੁਤਾ ਦੂਰ ਨਹੀਂ ਜਾਂਦਾ। ਇਹ ਸੁਨਹਿਰੀ ਮੰਦਰ ਆਪਣੇ ਬੀਰ-ਪਰੰਪਰਾਈ ਇਤਿਹਾਸ ਕਾਰਣ ਮੈਨੂੰ ਹਰ ਸਮੇਂ ਪ੍ਰਗਤੀਸ਼ੀਲ ਹੋਣ ਦੀ ਆਵਾਜ਼ ਦੇਂਦਾ ਰਿਹਾ ਹੈ, ਉੱਚੇ ਉੱਚੇ ਦੋ ਬੁਰਜ ਤੇ ਪਾਸ ਹੀ ਅਹਿਲ ਖੜੋਤਾ ਬਾਬਾ ਅਟੱਲ ਮਨੁੱਖ ਨੂੰ ਦ੍ਰਿੜ੍ਹਤਾ ਦੀ ਸਿਖਿਆ ਦੇਂਦੇ ਹਨ।

ਪਰ ਅੱਜ ਕਲ੍ਹ ਮੇਰਾ ਹਰਿਮੰਦਰ ਉਦਾਸ ਹੈ—ਹਰਿਮੰਦਰ ਤਾਂ ਕਦੀ ਉਦਾਸ ਨਹੀਂ ਹੁੰਦਾ, ਸ਼ਾਇਦ ਮੈਂ ਹੀ ਉਦਾਸ ਹਾਂ ਜਾਂ ਸਾਰਾ ਦੇਸ਼ ਹੀ ਉਦਾਸ ਹੈ ਜਿਸ ਕਾਰਣ ਇਹ ਉਦਾਸੀ ਸ੍ਰੀ ਹਰਿਮੰਦਰ 'ਤੇ ਵੀ ਬੱਦਲੀ ਵਾਂਗ ਛਾਈ ਨਜ਼ਰ ਆਉਂਦੀ ਹੈ। ਇਸ ਵਾਰ ਜਦੋਂ ਉਥੇ ਗਿਆ ਤਾਂ ਚਾਰੇ ਪਾਸੇ ਆਤੰਕ ਦਾ ਪਹਿਰਾ ਸੀ-ਪ੍ਰਕਰਮਾ ਵਿਚ ਹਰ ਥਾਂ ਸ਼ਸਤਰਧਾਰੀ ਸਿੰਘ ਤੇ ਬੁਰਜਾਂ ਵਰਗੇ ਨਿਹੰਗ ਘੁੰਮ ਰਹੇ ਸਨ ਜਾਂ ਚੌਕੜਾ ਮਾਰ ਕੇ ਸ਼ਾਮ ਦਾ ਕੀਰਤਨ ਸੁਣ ਰਹੇ ਸਨ। ਰਾਈਫਲਾਂ, ਸਟੇਨਗੰਨਾਂ ਤੇ ਮਧਕਾਲੀ ਹਥਿਆਰ ਚੁੱਕੀ ਮਧ-ਕਾਲੀ ਸਿੰਘਾਂ ਵਰਗੇ ਸਪਾਤੀ ਜਵਾਨ ਕਿਸੇ ਯੁੱਧ ਦੀ ਤਿਆਰੀ ਵਿਚ ਜੁਟੇ ਜਾਪ ਰਹੇ ਸਨ। ਸੰਧਿਆ ਉਤਰ ਰਹੀ ਸੀ ਤਾਂ ਵੀ ਸ਼ਹਿਰੀਆਂ ਦੀ ਚਹਲ-ਪਹਲ ਖੰਭ ਲਾ ਕੇ ਉਡ ਗਈ ਜਾਪਦੀ ਸੀ। ਅਨਿਨ ਭਗਤ ਹੀ ਦਰਸ਼ਨਾਂ ਲਈ ਆ ਜਾ ਰਹੇ ਸਨ, ਪਰ ਚਿਹਰਿਆਂ ਉਤੇ ਓਪਰਾਪਣ, ਉਦਾਸੀ ਤੇ ਘਬਰਾਹਟ ਸੀ। ਕੁਝ ਨਿਤ-ਨੇਮੀ ਹਰਾਸੇ ਜਿਹੇ ਪ੍ਰਕਰਮਾ ਕਰ ਰਹੇ ਸਨ ਤਾਂ ਜੋ ਨੇਮ ਨਾ ਟੁੱਟੇ। ਵਿਸਾਖੀ ਨੇੜੇ ਹੀ ਸੀ ਪਰ ਮੰਡੀ ਵਿਚ ਆਏ ਪੇਂਡੂਆਂ ਦਾ ਹੁਲਾਸ ਨਜ਼ਰ ਨਹੀਂ ਸੀ ਆ ਰਿਹਾ। ਦੁਖ-ਭੰਜਨੀ ਬੇਰੀ ਦੇ ਪਾਸ ਮੈਨੂੰ ਗੁਰੂ ਅਰਜਨ ਦੀ ਕਾਲਪਨਿਕ ਦਿਬ-ਜੋਤ ਦਾ ਅਹਿਸਾਸ ਹੋ ਰਿਹਾ ਸੀ, ਟਾਵਾਂ ਟਾਵਾਂ ਪੁਰਸ਼ ਅੰਮ੍ਰਿਤ ਦਾ ਚੁਲਾ ਲੈ ਕੇ ਸਿਰ-ਅੱਖਾਂ ਤੇ ਛਿੜਕ ਰਿਹਾ ਸੀ, ਬਾਹਰ ਮੰਜੀ ਸਾਹਿਬ ਤੋਂ ਉੱਚੇ ਜਿਹੇ ਜੈਕਾਰੇ ਦੀ ਆਵਾਜ਼ ਆਈ ਅਤੇ ਇਕ ਹਵਾਈ ਫ਼ਾਇਰ ਵੀ ਹੋਇਆ, ਸੰਤ ਲੌਂਗੋਵਾਲ ਜਥੇ ਨੂੰ ਰਵਾਨਗੀ ਦੇ ਰਹੇ ਸਨ, ਲੋਕਾਂ ਦੀ ਭੀੜ ਉਧਰ ਹੀ ਸੀ। ਮੁਖ ਦਵਾਰ ਤੇ ਇਸ ਵੇਲੇ ਲੋਕ ਘੱਟ ਸਨ। ਇਕੱਲਾ-ਦੁਕੱਲਾ ਭਗਤ ਡੰਡਉਤ ਬੰਦਨਾ ਕਰ ਰਿਹਾ ਸੀ। ਛਬੀਲ ਤੋਂ ਪਿੱਤਲ ਦੇ ਕੌਲੇ ਵਿਚ ਜਲ ਭਰ ਕੇ, ਮੈਂ ਬਾਬਾ ਦੀਪ ਸਿੰਘ ਸ਼ਹੀਦ ਸਮਾਰਕ ਦੇ ਸਾਹਵੇਂ ਸਰੋਵਰ ਦੀ ਪਹਿਲੀ ਪਉੜੀ ਤੇ ਬਹਿ ਗਿਆ। ਰਾਗੀ ਸਿੰਘ, ਸ਼ਾਇਦ ਯਮਨ-ਕਲਿਆਣ ਜਾਂ ਕੇਦਾਰ ਰਾਗ ਵਿਚ ਕੋਈ ਸ਼ਬਦ ਪੜ੍ਹ ਰਹੇ ਸਨ। ਪੂਰੀ ਪਛਾਣ ਨਹੀਂ ਹੋ ਸਕੀ। ਖ਼ਾਮੋਸ਼ ਤੇ ਉਦਾਸ ਵਾਤਾਵਰਣ ਸੀ। ਸਰੋਵਰ ਦਾ ਜਲ ਅਹਿਲ ਖੜ੍ਹਾ ਸੀ। ਮੈਨੂੰ ਆਪਣਾ ਬਚਪਨ ਯਾਦ ਆਇਆ। ਜਦੋਂ ਮੈਂ ਮੱਸਿਆ ਵਾਲੇ ਦਿਨ, ਸਰੋਵਰ ਵਿਚ ਹੱਦ ਤੇ ਲਗੀ ਕੰਧ ਨੂੰ ਪਾਰ ਕਰਕੇ ਡੁਬ ਰਿਹਾ ਸਾਂ। ਉਦੋਂ ਸਾਡੇ ਮਹੱਲੇ ਦੇ ਇਕ ਸਹਿਜਧਾਰੀ ਸਿੱਖ ਰਾਮ ਲਭਾਇਆ ਨੇ ਮੈਨੂੰ ਵਾਲਾਂ ਤੋਂ ਫੜ ਕੇ ਬਚਾ ਲਿਆ ਸੀ।

ਉਦੋਂ ਹੀ ਮੈਂ ਕਸਮ ਚੁੱਕੀ ਸੀ ਕਿ ਇਕ ਵਧੀਆ ਤੈਰਾਕ ਬਣਾਂਗਾ ਅਤੇ ਪਹਿਲਾ ਅਭਿਆਸ ਵੀ ਇਸੇ ਸਰੋਵਰ ਵਿਚ ਕੀਤਾ ਸੀ। ਦਿਨ ਖੰਭ ਲਾ ਗਏ ਹਨ ਜਾਂ ਇਹ ਅੰਤਰਾਲ ਅਸਾਂ ਆਪ ਹੀ ਹੜੱਪ ਲਿਆ ਹੈ। ਨਗਰ-ਨਿਵਾਸੀ ਪਹਿਲਾਂ ਵਾਂਗ ਜੁੰਡਲੀਆਂ ਬਣਾ ਕੇ ਗੱਪਾਂ ਨਹੀਂ ਮਾਰ ਰਹੇ ਅਤੇ ਨਾ ਹੀ ਕੋਈ ਬੱਚਿਆਂ ਸਮੇਤ ਆਇਆ ਪਰਿਵਾਰ ਘਰੋਂ ਲਿਆਂਦੇ ਪ੍ਰਸ਼ਾਦੇ ਛਕ ਰਿਹਾ ਹੈ। ਠਾਕਰਾ ਛੋਲਿਆਂ ਵਾਲਾ ਅਤੇ ਠਾਕਰ ਸਿੰਘ ਦੋਵੇਂ ਕਦ ਦੇ ਗੁਜ਼ਰ ਗਏ ਹਨ। ਭਾਈ ਨਿੱਕਾ ਸਿੰਘ ਅਰਦਾਸੀਆ ਵੀ ਰੱਬ ਨੂੰ ਪਿਆਰਾ ਹੋ ਗਿਆ ਸੀ ਜਿਸ ਦੀ ਲਹਿਰਾਂ ਮਾਰਦੀ ਆਵਾਜ਼ ਦੀ ਮੈਂ ਨਕਲ ਕਰਿਆ ਕਰਦਾ ਸਾਂ। ਇਨ੍ਹਾਂ ਹੀ ਸੋਚਾਂ ਵਿਚ ਇਕ ਗੈਬੀ ਆਵਾਜ਼ ਨੇ ਮੈਨੂੰ ਆਪਣੇ ਵਲ ਖਿੱਚ ਲਿਆ, 'ਬੇਟਾ ਕੀ ਤਲਾਸ਼ ਕਰ ਰਹੇ ਹੋ? ਅਸੀਂ ਵੀ ਅੱਲ੍ਹਾ ਦੇ ਨਾਮ ਤੇ ਇਸ ਮੰਦਰ ਦਾ ਨੀਂਹ-ਪੱਥਰ ਰਖਿਆ ਸੀ। ਪਹਿਲਾਂ ਅੱਲ੍ਹਾ ਵਾਲੇ ਤੁਰ ਗਏ, ਹੁਣ ਰਾਮ ਕ੍ਰਿਸ਼ਨ ਕੇ ਤੁਰੀ ਜਾ ਰਹੇ ਨੇ। ਮੇਰੇ ਕਲਮਕਾਰ ਫ਼ਰਚੰਦ, ਆਪਣੇ ਯੋਧੇ ਵੀਰਾਂ ਨੂੰ ਸਮਝਾ !" ਇਹ ਆਵਾਜ਼ ਸਾਈਂ ਮੀਆਂ ਮੀਰ ਦੀ ਸੀ। ਸ਼ਾਇਦ ਮੇਰੀ ਆਪਣੀ ਆਤਮਾ ਦੀ ਆਵਾਜ਼ ਸੀ।

ਮੈਂ ਉਠ ਖਲੋਤਾ, ਹੌਲੀ ਹੌਲੀ ਦਰਸ਼ਨੀ ਡਿਉਢੀ ਵਲ ਤੁਰ ਰਿਹਾ ਸਾਂ-ਖੱਬੇ ਹੱਥ ਸ੍ਰੀ ਅਕਾਲ ਤਖ਼ਤ ਖ਼ਾਮੋਸ ਖੜ੍ਹਾ ਸੀ। ਸੰਧਿਆ ਵੇਲੇ ਦਾ ਕੀਰਤਨ ਸਮਾਪਤ ਹੋ ਚੁਕਾ ਸੀ। ਭਾਈ ਨਾਹਰ ਸਿੰਘ (ਤਬਲਾ ਵਾਦਕ) ਅਤੇ ਸਾਰੰਗੀ ਵਜਾਉਣ ਵਾਲਾ ਸੂਰਮਾ ਸਿੰਘ ਕਲਾਕਾਰ ਤਾਂ ਬਹੁਤ ਪਹਿਲਾਂ ਗੁਜ਼ਰ ਗਏ ਸਨ। ਮੈਂ ਸੋਚਿਆ ਪਿਛਲੇ ਪਾਸੇ ਭਾਈ ਸਾਹਿਬ ਸ਼ਸਤਰ ਵਿਖਾ ਰਹੇ ਹੋਣਗੇ, ਪਰ ਉਥੇ ਆਧੁਨਿਕ ਹਥਿਆਰ ਫੜੀ ਮਸ਼ਾਲੀ ਅੱਖਾਂ ਤੇ ਦਿਓ-ਕੱਦ ਖਾਲਸੇ ਪਹਿਰਾ ਦੇ ਰਹੇ ਸਨ, ਉਪਰਲੀ ਮੰਜ਼ਿਲ ਤੇ ਸੰਤ ਬਾਬਾ ਆਰਾਮ ਕਰ ਰਹੇ ਸਨ, ਸਾਰਾ ਵਾਤਾਵਰਣ ਜੰਗ-ਨੁਮਾ ਸੀ। ਇਕ ਦੋ ਖਾੜਕੂ ਸਿੰਘਾਂ ਨੇ ਮੇਰੇ ਡਾਰਕ ਬ੍ਰਾਊਨ ਰੰਗ ਦੇ ਸਫਾਰੀ ਸੂਟ ਵੱਲ ਧਿਆਨ ਨਾਲ ਵੇਖਿਆ ਜਿਵੇਂ ਮੈਂ ਕੋਈ ਸਰਕਾਰੀ ਜਾਂ ਪੁਲਿਸ ਅਧਿਕਾਰੀ ਹੋਵਾਂ। ਮੈਨੂੰ ਆਈ. ਜੀ. ਅਟਵਾਲ ਯਾਦ ਆ ਗਿਆ। ਥੋੜ੍ਹਾ ਜਿਹਾ ਸਹਿਮ ਕੇ ਥੱਲੇ ਉਤਰ ਆਇਆ। ਸਰੋਵਰ ਵਿਚ ਸਥਿਤ ਹਰਿਮੰਦਰ ਵਿਚ ਕੀਰਤਨ ਦਾ ਨਿਰੰਤਰ ਪ੍ਰਵਾਹ ਚਲ ਰਿਹਾ ਸੀ, ਉਪਰਲੀ ਮੰਜਿਲ ਦੀ ਇਕ ਬਾਰੀ ਵਿਚ ਬੈਠ ਕੇ ਮੈਂ ਸੋਚ ਰਿਹਾ ਸਾਂ : ਅਗਰਬੱਤੀਆਂ ਦੀ ਸੁਗੰਧ ਹੈ, ਕੀਰਤਨ ਵੀ ਹੋ ਰਿਹੈ ਪਰ

ਮਨ ਖੁਭਦਾ ਕਿਉਂ ਨਹੀਂ ? ਖੱਬੇ ਸੱਜੇ ਮੁਹਰਾਕਸ਼ੀ ਦੇ ਹੁਨਰ ਵਿਚ ਕਲਾਕਾਰਾਂ ਦੇ ਪੱਥਰ-ਵਿਚ ਧੜਕਦਾ ਜੀਵਨ ਭਰ ਦਿਤਾ ਸੀ। ਪਹਿਲਾਂ ਮੈਂ ਇਥੇ ਘੰਟਾ ਅੱਧਾ ਘੰਟਾ ਜ਼ਰੂਰ ਬੈਠਦਾ ਸਾਂ, ਪਰ ਅੱਜ ਮਨ ਵਿਚ ਸਮੁੰਦਰ ਦੇ ਅੰਦਰ ਵਰਗੀ ਅਸ਼ਾਂਤੀ ਸੀ। ਛੇਤੀ ਉਠ ਗਿਆ ਤੇ ਦਰਸ਼ਨੀ ਡਿਉਢੀ 'ਚੋਂ ਲੰਘ ਕੇ ਵਾਪਸੀ ਮਾਰਗ ਤੇ ਤੁਰ ਪਿਆ। ਉੱਚੇ ਉੱਚੇ ਦੋ ਬੁਰਜਾਂ ਦੀ ਸ਼ਕਲ ਭਿਆਨਕ ਜਿਹੀ ਜਾਪ ਰਹੀ ਸੀ। ਬ੍ਰਹਮ ਬੂਟੇ ਤੇ ਅਖਾੜੇ ਵਿਚੋਂ ਵੀ ਸੰਖ ਪੂਰਨ ਦੀ ਆਵਾਜ਼ ਨਹੀਂ ਸੀ ਆਈ। ਬਾਬਾ ਸ੍ਰੀ ਚੰਦ ਦੇ ਭਗਤ ਵੀ ਸਹਿਮੇ ਜਾਪਦੇ ਸਨ। ਬਾਬਾ ਬੁੱਢਾ ਜੀ ਦੀ ਬੇਰੀ ਪਾਸ ਸੀਸ ਝੁਕਾਇਆ ਤਾਂ ਫਿਰ ਗੈਬੀ ਆਵਾਜ ਸੁਣੀ "ਪੁਤਰ ਜੀ, ਅਸਾਂ ਖ਼ੁਦ ਗੁਰੂ ਜੀ ਨੂੰ ਮੀਰੀ ਦੀ ਤਲਵਾਰ ਪਹਿਨਾਈ ਸੀ-ਜੋ ਜੁਲਮ ਦੇ ਨਾਸ਼ ਵਾਸਤੇ ਉਠੀ ਸੀ। ਤੂੰ ਉਦਾਸ ਨਾ ਹੋ ! ਤੇਰਾ ਵਿਚਲਾ ਕਵੀ-ਮਨ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ ਚਾਹੀਦਾ ਹੈ। ਉਦਾਸ ਨਾ ਹੋ, ਅਸੀਂ ਅੱਜ ਵੀ ਏਥੇ ਬੈਠੇ ਹਾਂ। ਇਨ੍ਹਾਂ ਯੋਧਿਆਂ ਨੂੰ ਸੱਚ ਦਾ ਮਾਰਗ ਵਿਖਾਵਾਂਗੇ। ਭਾਈ ਗੁਰਦਾਸ ਵੀ ਸਾਡੇ ਪਾਸ ਹੀ ਬੈਠਾ ਹੈ। ਆਦਿ-ਬੀੜ ਦੇ ਸਭ ਕਵੀ ਇਕੱਠੇ ਹੀ ਰਹਿਣਗੇ। ਹਰਿਮੰਦਰ ਕਦੀ ਉਦਾਸ ਨਹੀਂ ਹੋਵੇਗਾ, ਅਸੀਂ ਜੀਉਂਦੇ ਆਂ ਬੱਚਿਆ !"

ਇਹ ਆਵਾਜ਼ ਬਾਬਾ ਬੁਢਾ ਜੀ ਦੀ ਸੀ-ਜਾਂ ਮੇਰੀ ਆਪਣੀ ਰੂਹ ਦੀ ਆਵਾਜ਼ ਪਰ ਇਸ ਵਿਚ ਇਕ ਭਰੋਸਾ ਸੀ ਕਿ ਹਰਿਮੰਦਰ ਸਦਾ ਮੁਸਕਾਏਗਾ, ਕੋਈ ਉਦਾਸੀ ਸਦੀਵੀ ਨਹੀਂ ਹੁੰਦੀ। ਹਰਿਮੰਦਰ ਕਦੀ ਉਦਾਸ ਨਹੀਂ ਹੁੰਦੇ।

# ਨਦੀ ਕਿਨਾਰੇ ਪਿਆਸਾ ਮਨੁੱਖ

ਨਦੀ ਚੁਲਬੁਲੀ ਮੁਟਿਆਰ ਵਾਂਗ ਕੋਲ ਦੀ ਲੰਘ ਰਹੀ ਹੈ।

ਪਿਆਸਾ ਮਨੁੱਖ ਸੋਚਦਾ ਰਿਹਾ ਕਿ ਕਦੋਂ ਬੁੱਕ ਭਰੇ।

"ਨਦੀਏ ਨਦੀਏ ! ਜ਼ਰਾ ਉਰੇ ਹੋ, ਮੈਂ ਪਿਆਸਾ ਹਾਂ।" ਉਸ ਆਖਿਆ।

ਨਦੀ ਮੁਸਕ੍ਰਾਈ।

ਕੁਝ ਪਲਾਂ ਬਾਅਦ ਇਕ ਜ਼ੋਰ ਦੀ ਛੱਲ ਉਠੀ। ਪਿਆਸਾ ਆਦਮੀ ਛੁਲਕੇ ਨਾਲ ਦੂਰ ਜਾ ਡਿਗਾ-ਉਹ ਮੂੰਹ 'ਤੇ ਤਰਦੀਆਂ ਬੂੰਦਾਂ ਨੂੰ ਜ਼ਬਾਨ ਨਾਲ ਚੂਸ ਸਕਦਾ ਸੀ-ਪਰ ਉਹ ਸ਼ਰਮਿੰਦਾ ਨਹੀਂ ਸੀ ਹੋਣਾ ਚਾਹੁੰਦਾ।

"ਹੋਰ ਨੇੜੇ ਆਵਾਂ ?" ਨਦੀ ਨੇ ਲਹਿਰਾਂ ਨਾਲ ਸੂਰਜੰਡ ਰੂਪ ਵਿਚ ਪੁਛਿਆ।

ਪਿਆਸਾ ਮਨੁੱਖ ਮਾਯੂਸ ਤੇ ਚੁੱਪ ਸੀ।

"ਨਦੀਏ ਨਦੀਏ, ਕੀ ਮੈਂ ਸਾਰੀ ਉਮਰ ਪਿਆਸਾ ਹੀ ਰਹਾਂਗਾ ?" ਉਸ ਪੁਛਿਆ ।

"ਕੀ ਤੂੰ ਸੱਚ-ਮੁਚ ਹੀ ਪਿਆਸਾ ਏਂ ?" ਨਦੀ ਨੇ ਨਖਰੇ ਨਾਲ ਪੁਛਿਆ।

"ਹਾਂ ਚੰਨੀਏ-ਮੈਂ ਬਹੁਤ ਪਿਆਸਾ ਹਾਂ।"

"ਤਾਂ ਫਿਰ ਕੋਲ ਆ, ਹੱਥਾਂ ਨੂੰ ਬੁੱਕ ਬਣਾਕੇ, ਸਿਰ ਨਿਵਾ ਕੇ ਪਾਣੀ ਪੀ। ਤੇਰੇ ਵਰਗੇ ਅਨੇਕਾਂ ਆਪਣੀ ਰੂਹ ਦੀ ਪਿਆਸ ਮਿਟਾ ਚੁੱਕੇ ਨੇ।"

"ਨਹੀਂ ਮੇਰੇ ਹੱਥ ਬੁੱਕ ਬਣਨਾ ਨਹੀਂ ਜਾਣਦੇ। ਤੂੰ ਹੀ ਕੋਈ ਰਾਹ ਕੱਢ।" ਪਿਆਸੇ ਨੇ ਤਰਲਾ ਮਾਰਿਆ।

ਨਦੀ ਹੁਲਾਰਾ ਮਾਰ ਕੇ ਹੋਰ ਪਰਾਂ ਹੋ ਗਈ।

ਉਹ ਅਲਬੇਲੀ ਮੁਟਿਆਰ ਲਹਿਰਾਂ ਮਾਰਦੀ ਪਰੇ ਤੁਰ ਜਾਂਦੀ ਹੈ।

ਇਕ ਹੋਰ ਮਨੁੱਖ ਆਉਂਦਾ ਹੈ, ਕਪੜੇ ਲਾਹ ਕੇ ਪਾਣੀ ਵਿਚ ਖਲੋ ਕੇ ਸੂਰਜ ਨੂੰ ਨਮਸਕਾਰ ਕਰਦਾ ਹੈ, ਪਾਣੀ ਦਾ ਬੁੱਕ ਪੀਂਦਾ ਹੈ ਤੇ ਟੁੱਭੀ ਮਾਰ ਕੇ ਦੂਰ ਨਿਕਲ ਜਾਂਦਾ ਹੈ-ਨਦੀ ਉਸ ਨਾਲ ਗਲਵਕੜੀਆਂ ਪਾ ਰਹੀ ਹੈ-ਹੱਸ ਰਹੀ ਹੈ।

ਪਿਆਸਾ ਮਨੁੱਖ ਨਦੀ ਕਿਨਾਰੇ ਮਾਯੂਸ ਹੈ।

# ਕੁਰੁਸ਼ੇਤਰ ਰਣਭੂਮੀ ਵਿਚ ਬੈਠਾ ਯੁਧਿਸ਼ਟਰ

ਕਈ ਦਿਨਾਂ ਤੋਂ ਮੈਂ ਆਪਣੇ ਬੱਚੇ ਨੂੰ ਮਹਾਂਭਾਰਤ ਦੀ ਕਥਾ ਸੁਣਾ ਰਿਹਾ ਸਾਂ, ਕਥਾ ਮੁਕ ਗਈ।

'ਪਾ ਜੀ, ਸਿਰਫ ਯੁਧਿਸ਼ਟਰ ਹੀ ਬਚਿਆ ਸੀ, ਫਿਰ ਉਹ ਲੜਦੇ ਕਿਉਂ ਸਨ?' ਨਿੱਕੇ ਰੂਪੀ ਨੇ ਪੁਛਿਆ।

ਉਸ ਦੇ ਪ੍ਰਸ਼ਨ ਦਾ ਮੈਂ ਕੀ ਉੱਤਰ ਦੇਂਦਾ-

ਪਰ ਇਸ ਪ੍ਰਸ਼ਨ ਤੇ ਮੇਰੇ ਸਾਹਵੇਂ ਇਕ ਤਸਵੀਰ ਸਾਕਾਰ ਹੋ ਗਈ।

ਲਾਸ਼ਾਂ ਦਾ ਇਕ ਵਿਸ਼ਾਲ ਸਾਗਰ ਹੈ, ਬਦਬੂ ਦੇ ਬੱਦਲ ਮੰਡਲਾ ਰਹੇ ਹਨ, ਗਿਰਝਾਂ, ਚੀਲਾਂ ਤੇ ਮਾਸਖੋਰੇ ਜਾਨਵਰਾਂ ਦਾ ਜਸ਼ਨ ਹੈ, ਲਾਸ਼ਾਂ ਦੇ ਬਿਖਰੇ ਅੰਗਾਂ ਤੋਂ ਇੰਝ ਜਾਪਦਾ ਹੈ ਜਿਵੇਂ ਇਕ ਦਰਜ਼ੀ ਨੇ ਵੱਖ ਵੱਖ ਅੰਗ ਸੀਉਂ ਕੇ ਰਖੇ ਹੋਣੇ, ਹੁਣ ਹੀ ਉਹ ਇਨ੍ਹਾਂ ਨੂੰ ਜੋੜ ਦੇਵੇਗਾ, ਰੱਤਹੀਣ ਇਹ ਚਿਹਰੇ ਫਿਰ ਜਾਗ ਪੈਣਗੇ। ਪਰ ਇਹ ਸਿਰਫ ਇਕ ਕਵੀ-ਕਲਪਣਾ ਹੀ ਹੈ।

ਆਪਣੇ ਟੁੱਟੇ ਰੱਥ ਦੇ ਇਕ ਪਹੀਏ ਦੇ ਸਹਾਰੇ ਯੁਧਿਸ਼ਟਰ ਅਵਾਕ ਖੜਾ ਹੈ, ਮਹਾਂ-ਕਾਲ ਦੀ ਇਸ ਵਿਭਤਸ ਲੀਲਾ ਨੇ ਉਸ ਦੀਆਂ ਅੱਖਾਂ ਵਿਚ ਹੰਝੂ ਲੈ ਆਂਦੇ ਹਨ। ਉਸ ਨੂੰ ਦੁਰਯੋਧਨ ਯਾਦ ਆ ਰਿਹਾ ਹੈ : "ਕਮਲਾ, ਕਹਿੰਦਾ ਸੀ, ਮੈਂ ਤੁਹਾਨੂੰ ਸੂਈ ਦੇ ਨੱਕੇ ਜਿੰਨੀ ਜ਼ਮੀਨ ਵੀ ਦੇਣ ਨੂੰ ਤਿਆਰ ਨਹੀਂ। ਹੁਣ ਇਹ ਧਰਤੀ ਉਸ ਦੀ ਲਾਸ਼ ਵੀ ਸਾਂਭਣ ਤੋਂ ਇਨਕਾਰੀ ਹੈ।"

ਯੁਧਿਸ਼ਟਰ ਦਾ ਕੁੱਤਾ ਉਸ ਦੀ ਧੋਤੀ ਦਾ ਪੱਲੂ ਖਿਚ ਰਿਹਾ ਹੈ। ਯੁਧਿਸ਼ਟਰ ਉਸ ਵੱਲ ਉਦਾਸ ਅੱਖਾਂ ਨਾਲ ਵੇਖਦਾ ਹੈ। ਉਸ ਦੀਆਂ ਅੱਖਾਂ ਥੱਲੇ ਵੀ ਅੱਥਰੂਆਂ ਦੀਆਂ ਘਰਾਲਾਂ ਹਨ।

ਧਰਮ-ਪੁੱਤਰ ਹੈਰਾਨ ਹੈ। ਉਸ ਦੇ ਪੈਰਾਂ ਵਿਚ ਮਨੁੱਖ ਦੀ ਰੱਤਮਿੱਝ ਦਾ ਚਿਕੜ ਹੈ, ਜੋ ਕਦੀ ਪਰਮ ਸੁੰਦਰਤਾ ਦੀ ਜੋਤ ਸੀ, ਅਜ ਕਲਬੂਤਹੀਣ ਰੂਹ ਵਾਂਗ ਇਹ ਭਟਕ ਰਿਹਾ ਹੈ।

ਕਿਥੇ ਹੈ ਭਗਵਾਨ ਕ੍ਰਿਸ਼ਨ ?

ਉਸ ਨੇ ਤਾਂ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿਤਾ ਸੀ, ਉਸ ਦੇ ਬੋਲ ਮੈਨੂੰ ਕਿਉਂ ਨਹੀਂ ਸੁਣੀਂਦੇ ? ਅਸੀਂ ਉਸ ਦੇ ਕਹੇ ਅਨੁਸਾਰ ਕਰਮ ਕਰੀ ਗਏ, ਪਰ ਫਲ ?

ਇਹ ਫਲ ਸਾਨੂੰ ਨਹੀਂ ਮਿਲਣਾ, ਆਉਂਦੀ ਪੀੜ੍ਹੀ ਨੂੰ ਮਿਲੇਗਾ।"

ਇਕ ਚਿੱਤਰ ਇਸ ਤੋਂ ਅਗਲੀ ਪੀੜ੍ਹੀ ਦਾ ਫਿਰ ਮੇਰੇ ਸਾਹਮਣੇ ਨੱਚ ਉਠਿਆ ਹੈ:

...ਕਾਲਿੰਗਾ ਦੀ ਯੁੱਧ-ਭੂਮੀ ਹੈ, ਰੱਤ-ਮਿੱਝ ਦਾ ਚਿਕੜ ਹੈ। ਗਿਰਝਾਂ, ਚੀਲਾਂ ਤੇ ਮਾਸ-ਖੋਰ ਜਾਨਵਰਾਂ ਦਾ ਜਸ਼ਨ ਹੈ, ਬਦਬੂ ਦੇ ਬੱਦਲ ਉਮਡ ਉਮਡ ਕੇ ਆ ਰਹੇ ਹਨ, ਰਾਤ ਦੇ ਸਨਾਟੇ ਵਿਚ ਸੈਨਾਪਤੀ ਅਸ਼ੋਕ ਚੁੱਪ ਦੀ ਮੂਰਤ ਬਣੀ ਖੜੋਤਾ ਹੈ, ਰਾਤ ਦੇ ਅੰਨ੍ਹੇਰੇ ਨੂੰ ਬਹੁਤ ਸਾਰੇ ਗਲਿਆਂ ਦੀ ਸਰੋਦਮਈ ਆਵਾਜ਼ ਚੀਰ ਰਹੀ ਹੈ :

"ਬੁਧੰ ਸ਼ਰਣੰ ਗਛਾਮਿ

ਧੰਮੰ ਸ਼ਰਣੰ ਗਛਾਮਿ

ਸੰਘ ਸਰਣੰ ਗਛਾਮਿ ॥"

ਚੱਦਰ ਦੀ ਆਲਤੀ-ਪਾਲਤੀ ਵਿਚ ਢਕੇ ਕੁਝ ਸਰੀਰ ਮੁਰਦੇ ਤੇ ਜ਼ਖਮੀ ਢੋ ਰਹੇ ਹਨ, ਰੌਸ਼ਨੀ ਦੀ ਇਕ ਲੀਕ ਜਿਹੀ ਕਿਸੇ ਇਕ ਦਿਸ਼ਾ ਵਲ ਵਧਦੀ ਜਾ ਰਹੀ ਹੈ- ਮਹਾਰਾਣਾ ਅਸ਼ੋਕ ਇਕ ਫੈਸਲਾ ਦ੍ਰਿੜ ਕਰਕੇ ਮਹੱਲਾਂ ਵਲ ਮੁੜ ਰਹੇ ਹਨ।

ਕੁਰੁਸ਼ੇਤਰ ਦੀ ਯੁੱਧ ਭੂਮੀ ਵਿਚ ਯੁਧਿਸ਼ਟਰ ਬੈਠਾ ਹੈ, ਭਰਾਵਾਂ ਦੇ ਮੂੰਹ ਨੂੰ ਸਹਿਕ ਰਿਹਾ ਆਰੀਆ ਪੁੱਤਰ, ਧਰਮ-ਪੁੱਤਰ, ਮਹਾਂ ਮਾਨਵ ! ਮੌਤ ਰਾਣੀ ਆਪਣੀ ਜਿੱਤ ਦਾ ਸੰਖ ਪੂਰ ਰਹੀ ਹੈ, ਹੋਣੀ ਦਾ ਟੱਲ ਅਮਰ ਆਰਤੀ ਵਜਾ ਰਿਹਾ ਹੈ।

ਯੁਧਿਸ਼ਟਰ ਤੇ ਉਸ ਦਾ ਕੁੱਤਾ ਕਿਸੇ ਅਲੌਕਿਕ ਮੰਜ਼ਿਲ ਵਲ ਟੁਰ ਪਏ ਹਨ।

ਮੇਰਾ ਨਿੱਕਾ ਜਿਹਾ ਬੱਚਾ ਪੁੱਛ ਰਿਹਾ ਹੈ, 'ਪਾ ਜੀ, ਫਿਰ ਉਹ ਲੜੇ ਕਿਉਂ ?"

# ਰੂਪੀ, ਲੁਡੋ ਤੇ ਮੈਂ

ਮੈਂ ਬੱਚਿਆਂ ਨਾਲ ਬੈਠਾ ਲੁਡੋ ਖੇਡ ਰਿਹਾ ਹਾਂ।

ਮੇਰਾ ਧਿਆਨ ਲੁਡੋ ਵਲ ਨਹੀਂ ਪਰ ਬੱਚੇ ਪਰਚ ਰਹੇ ਹਨ। ਮੇਰਾ ਅੰਤਰ-ਧਿਆਨ ਜ਼ਿੰਦਗੀ ਦੀ ਲੁਡੋ ਵਲ ਹੈ, ਜਿਸ ਵਿਚ ਹਾਰ ਹੀ ਹਾਰ ਮਿਲੀ ਹੈ।

'ਪਾ ਜੀ, ਮੈਂ ਜਿੱਤ ਗਿਆ !' ਰੂਪੀ ਤਾੜੀਆਂ ਮਾਰ ਕੇ ਨੱਚ ਉਠਿਆ।

ਮੇਰਾ ਧਿਆਨ ਸਾਹਮਣੇ ਪਈ ਲੁਡੋ ਵਲ ਮੁੜਿਆ। ਬੱਚਾ ਖੁਸ਼ੀ ਨਾਲ ਤਮਤਮਾ ਰਿਹਾ ਸੀ। ਨਵੀਂ ਪੀੜ੍ਹੀ, ਪੁਰਾਣੀ ਨੂੰ ਢਾਹ ਕੇ ਕਿੰਨੀ ਖੁਸ਼ ਹੁੰਦੀ ਹੈ।

# ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ

ਬੜੇ ਲੰਮੇ ਰੁਝੇਵਿਆਂ ਬਾਅਦ ਇਕ ਐਤਵਾਰ, ਆਪਣੇ ਪੜ੍ਹਨ-ਕਮਰੇ ਵਿਚ ਹੀ ਊਂਘ ਰਿਹਾ ਸਾਂ ਕਿ ਉਧਰੋਂ ਪਤਨੀ ਦੀ ਆਵਾਜ਼ ਆਈ, "ਐਧਰ ਆਉਣਾ, ਵੇਖੋ ਕੌਣ ਆਇਐ ?" ਮੈਂ ਝਟ ਬਾਹਰ ਆ ਗਿਆ, ਮੇਰੀ ਪਤਨੀ ਇਕ ਨੌਜਵਾਨ ਨਵ-ਵਿਆਹੀ ਕੁੜੀ ਨਾਲ ਬਗ਼ਲਗੀਰ ਹੋਈ ਖੜੀ ਸੀ, ਪਾਸ ਹੀ ਉਸ ਦਾ ਯੁਵਕ ਪਤੀ ਖੜਾ ਮੁਸਕਰਾ ਰਿਹਾ ਸੀ। ਪਛਾਣ ਨਹੀਂ ਸੀ ਆ ਰਹੀ, ਤਾਂ ਵੀ ਮੁਸਕਰਾ ਪਿਆ। ਉਹ ਕੁੜੀ ਝਟ ਮੇਰੇ ਪਾਸ ਆ ਗਈ, "ਅੰਕਲ, ਚਾਰੇ ਕੰਧਾਂ ਚੁਬਾਰੇ ਦੀਆਂ ਹੱਲੀਆਂ।"

ਮੈਂ ਉਸ ਦੇ ਸਿਰ 'ਤੇ ਪਿਆਰ ਦਿੱਤਾ। ਸਾਡੀਆਂ ਅੱਖਾਂ ਵਿਚ ਹੰਝੂ ਉਮਡ ਆਏ। "ਬਿੱਲੋ ਏ ਨਾ।" ਮੈਂ ਤੱਕ ਕੇ ਪੁੱਛਿਆ।

"ਹਾਂ ਅੰਕਲ, ਮੇਰਾ ਵਿਆਹ ਤੁਹਾਡੇ ਸ਼ਹਿਰ ਹੋਇਆ ਏ, ਮੈਂ ਲੱਭ ਲਭਾ ਕੇ ਤੁਹਾਡੇ ਘਰ ਆਈ ਹਾਂ। ਤੁਸੀਂ ਤਾਂ ਸਾਨੂੰ ਭੁੱਲ ਗਏ। ਮੈਂ ਨਹੀਂ ਭੁੱਲ ਸਕਦੀ।"

ਮੈਂ ਅਤੀਤ ਵਿਚ ਗੁਆਚ ਗਿਆ। ਸਮੇਂ ਦੇ ਕੋਮਲ ਪਿਆਜ਼ੀ ਪੰਨੇ ਉਡਦੇ ਉਡਦੇ ਜ਼ਿੰਦਗੀ ਦੀ ਭੂਮਿਕਾ ਵਲ ਪਲਟ ਗਏ।

ਇਕ ਲੋਕ ਗੀਤ ਹੈ :

"................ਛੱਲੀਆਂ

ਮਾਵਾਂ ਧੀਆਂ ਵਿਛੜਨ ਲੱਗੀਆਂ,

ਨੀ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ।"

ਦਿੱਲੀ ਰਹਿੰਦੀਆਂ ਮੈਂ ਕ੍ਰਿਸ਼ਨਾ ਨਗਰ ਦੇ ਇਕ ਵੱਡੇ ਸਾਰੇ ਮਕਾਨ ਦੇ ਇਕ ਕਮਰੇ ਵਿਚ ਰਿਹਾ ਕਰਦਾ ਸਾਂ। ਪੇਂਡੂ ਸੁਭਾਅ ਦੇ ਸਰਦਾਰ ਸਨ, ਬੜੀ ਸਾਂਝ ਸੀ। ਉਥੇ ਇਕ ਛੋਟੀ ਜਿਹੀ ਕੁੜੀ ਸੀ, ਪੂਰਾ ਨਾਮ ਅੱਜ ਵੀ ਯਾਦ ਨਹੀਂ, ਚੌਥੀ-ਪੰਜਵੀਂ ਵਿਚ

ਪੜ੍ਹਦੀ ਹੋਵੇਗੀ। ਮੈਂ ਪੀ-ਐਚ.ਡੀ. ਲਈ ਖੋਜ ਅਧਿਐਨ ਕਰਦਾ ਸਾਂ। ਸਾਰੇ ਉਸ ਨੂੰ 'ਬਿੱਲੋ' ਕਹਿੰਦੇ, ਮੈਂ ਵੀ ਇਹੀ ਬੁਲਾਉਂਦਾ। ਉਸ ਦੀ ਮੇਰੇ ਨਾਲ ਇਸ ਗੀਤ ਦੀ ਸਾਂਝ ਸੀ। ਗੀਤ ਦਾ ਇਕ ਬੋਲ, ਉਹ ਬਾਹਰ ਵਰਾਂਡੇ ਵਿਚੋਂ ਸ਼ੁਰੂ ਕਰਦੀ ਅਤੇ ਮੈ ਆਪਣੇ, ਗੁਣਗੁਣਾਉਣ ਦੇ ਸੁਭਾਅ ਤੋਂ ਮਜ਼ਬੂਰ, ਸਹਿਜੇ ਹੀ ਦੂਜਾ ਬੋਲ ਚੁੱਕ ਲੈਂਦਾ। ਪਰ ਜਦੋਂ ਉਹ "ਕੰਧਾਂ ਹੱਲੀਆਂ" ਵਾਲੇ ਟੱਪੇ ਤੇ ਆਉਂਦੀ ਤਾਂ ਮੈਂ ਕੰਬ ਜਾਂਦਾ। ਧੀ ਤੇ ਮਾਂ ਦਾ ਵਿਛੜਨ ਵੇਲੇ ਗਲ ਲੱਗਣਾ, ਸੱਚਮੁੱਚ ਹੀ ਕੰਧਾਂ ਕੰਬਣ ਵਾਲੀ ਗੱਲ ਹੈ। ਮੈਂ ਆਪਣੀ ਛੋਟੀ ਭੈਣ ਦੇ ਵਿਆਹ ਤੇ ਮਾਈਕ ਅੱਗੇ ਖੜਾ ਤਾਂ ਹੋ ਗਿਆ ਪਰ ਸ਼ਬਦਾਂ ਨੇ ਸਾਥ ਨਾ ਦਿੱਤਾ, ਗਲਾ ਭਰ ਆਇਆ, ਅੱਖਾਂ ਸਜਲਾ ਗਈਆਂ। ਮਾਵਾਂ ਦਾ ਕੀ ਹਾਲ ਹੁੰਦਾ ਹੋਵੇਗਾ! ਫਿਰ ਹੁਣ ਤਾਂ ਨਿਰੇ ਜਜ਼ਬਿਆਂ ਦੀਆਂ ਕੰਧਾਂ ਹੀ ਨਹੀਂ ਹਿਲਦੀਆਂ, ਘਰ ਦੇ ਆਰਥਿਕ ਆਸਣ ਵੀ ਡੋਲ ਜਾਂਦੇ ਹਨ।

ਬਿੱਲੋ ਜਦੋਂ ਗੀਤ ਦੇ ਇਸ ਟੱਪੇ 'ਤੇ ਆਉਂਦੀ ਤਾਂ ਮੇਰੇ ਕਮਰੇ ਵਿਚ ਆ ਜਾਂਦੀ, "ਅੰਕਲ, ਕੰਧਾਂ ਕਿਉਂ ਹਿਲਦੀਆਂ ਨੇ?" ਭੋਲਾ ਬਚਪਨ ਇਕ ਪ੍ਰਸ਼ਨ ਬਣ ਜਾਂਦਾ। ਮੈਂ ਹੱਸ ਕੇ ਕਹਿੰਦਾ, "ਸਮਾਂ ਆਉਣ ਤੇ ਆਪੇ ਪਤਾ ਲੱਗ ਜਾਏਗਾ।" ਉਹਦੀ ਮਾਂ,ਵੱਡੀ ਸਰਦਾਰਨੀ ਵੀ ਅੰਦਰ ਆ ਜਾਂਦੀ, ਕਹਿੰਦੀ "ਤੁਸਾਂ ਦੋਹਾਂ ਨੇ ਕੰਧਾਂ ਹੁਣੇ ਹੀ ਹਿਲਾ ਦਿੱਤੀਆਂ ਨੇ। ਤੁਸੀਂ ਜਦੋਂ ਦੋਵੇਂ ਰਲ ਕੇ ਗਾਉਂਦੇ ਓ ਨਾ, ਤਾਂ ਮੈਂ ਰਸੋਈ 'ਚ ਬੈਠੀ ਅੱਖਾਂ ਪੂੰਝਦੀ ਰਹਿਨੀ ਆਂ।" ਬਿੱਲੋ ਮਾਂ ਨਾਲ ਲੱਗ ਜਾਂਦੀ, ਜਿਵੇਂ ਉਹ ਕੰਧ ਹੋਵੇ। ਭੋਲੀ ਜਿਹੀ ਇਹ ਕੁੜੀ ਬੜੇ ਉਦਾਸ ਦਿਨਾਂ ਵਿਚ ਵੀ ਮੇਰੇ ਨਾਲ ਗੀਤਾਂ ਦਾ ਸਾਥ ਦਿੰਦੀ ਸੀ।

ਗਰਦਸ਼ ਦੇ ਦਿਨ ਆਏ, ਬਾਰ ਬਾਰ ਆਏ। ਮੇਰੇ ਮਨ ਰੂਪੀ ਦਰਖ਼ਤ ਦੇ ਟਾਹਣ ਹਿੱਲ ਗਏ, ਪਰ ਜੜ੍ਹਾਂ ਕਾਇਮ ਰਹੀਆਂ। ਇਹ ਗੀਤ ਜਦ ਵੀ ਰੇਡੀਓ 'ਤੇ ਲੱਗੇ ਤਾਂ ਮੈਂ ਸਾਥ ਦਿੱਤੇ ਬਗ਼ੈਰ ਨਹੀਂ ਰਹਿ ਸਕਦਾ।

ਉਸ ਦਿਨ ਬਿੱਲੋ (ਖਿਮਾ ਕਰਨਾ ਅਸਲ ਨਾਮ ਚੇਤੇ ਨਹੀਂ ਆ ਰਿਹਾ !) ਦੀ ਆਮਦ ਮੇਰੇ ਲਈ ਇਕ ਵਰ ਸੀ। ਅਤੀਤ ਦੀ ਯਾਦ ਦੇ ਨਾਲ ਨਾਲ, ਸਾਂਝਾਂ ਦੇ ਅਮਰ ਹੋਣ ਦਾ ਅਹਿਸਾਸ ਜਾਗਿਆ। ਗੀਤ ਤੇ ਅਤੀਤ ਦੀ ਸਾਂਝ ਕਦੀ ਨਹੀਂ ਟੁੱਟਦੀ। ਮੇਰੇ ਮਨ ਦੀਆਂ ਕੰਧਾਂ ਵੀ ਹਿੱਲ ਗਈਆਂ। ਮਾਪਿਆਂ ਦਾ ਕੀ ਹਾਲ ਹੁੰਦਾ ਹੋਵੇਗਾ !

# ਅੱਲਾ ਹੂ ਦਾ ਆਵਾਜ਼ਾ ਆਵੇ !

ਸ਼ਬਦਾਂ ਦੇ ਸੰਗੀਤ ਦੀ ਇਸ ਸਵਰ-ਲਹਿਰੀ ਨੇ ਮੇਰਾ ਸਾਰਾ ਆਪਾ ਆਪਣੀ ਧੁਨੀ ਦੀ ਆਭਾ ਵਿਚ ਵਲੇਟ ਲਿਆ ਹੈ :

"ਅੱਲਾ ਹੂ ਦਾ ਆਵਾਜ਼ਾ ਆਵੇ,

ਫਕੀਰ ਦੀ ਕੁੱਲੀ ਦੇ ਵਿਚੋਂ।"

ਲਾਹੌਰ ਰੇਡੀਓ ਤੋਂ ਕੋਈ ਬੜੇ ਵਜਦ ਵਿਚ ਗਾ ਰਿਹਾ ਹੈ। ਪਤਾ ਨਹੀਂ ਕਿਉਂ ਇਹੋ ਜਿਹੇ ਫਕੀਰੀ ਰੰਗ ਦੇ ਕਾਵਿ ਬੋਲ ਮੈਨੂੰ ਮੋਹ ਲੈਂਦੇ ਹਨ। ਇਕ ਵਾਰ ਪਹਿਲਾਂ ਵੀ ਇਸੇ ਆਵੇਸ਼ ਵਿਚ "ਪੂਣੀਏ, ਮੁਕ ਜਾ ਨੀ, ਮੈਂ ਡੇਰੇ ਸਾਧ ਦੇ ਜਾਣਾ" ਦੇ ਮਧੁਰ ਬੋਲ ਸੁਣ ਕੇ ਇਕ ਕਾਵਿ-ਨਿਬੰਧ ਲਿਖਿਆ ਸੀ। ਸਾਡੇ ਮਹੱਲੇ ਵਿਚ ਇਕ ਭਗਤ, ਰੋਜ਼ ਫ਼ਰੀਦ ਤੇ ਕਬੀਰ ਦੇ ਸ਼ਲੋਕ ਬੋਲਦਾ ਹੋਇਆ ਸੁਬਾ ਸਵੇਰੇ ਲੰਘਦਾ ਹੈ। ਉਹ ਮੰਗਦਾ ਕੁਝ ਨਹੀਂ, ਮੁਨ੍ਹੇਰੇ ਜਿਹੇ ਵਿਚ ਇਕ ਵਾਰ ਮੈਂ ਉਸ ਨੂੰ ਬੁਲਾ ਕੇ ਕੁਝ ਦੇਣਾ ਚਾਹਿਆ, ਉਸ ਨੇ ਮੁਸਕਰਾ ਕੇ ਮੈਨੂੰ ਅਸੀਸ ਦਿੱਤੀ ਤੇ ਟੁਰ ਗਿਆ। ਮੈਂ ਅਧਿਆਤਮਵਾਦੀ ਨਹੀਂ ਹਾਂ ਪਰ ਯਸੂ ਮਸੀਹੀ ਵੇਦਨਾ, ਗੁਰਬਾਣੀ ਸੰਗੀਤ ਦੇ ਮੰਦਰ ਦੇ ਪਵਿੱਤਰ ਭਜਨ ਮੈਨੂੰ ਬਹੁਤ ਚੰਗੇ ਲਗਦੇ ਹਨ। ਇਕ ਮਹੀਨਾ ਮੈਂ ਕਾਦੀਆਂ ਨਗਰ ਵਿਚ ਰਿਹਾ ਸੀ ਤੇ 5 ਵਜੇ ਦੇ ਨਮਾਜ਼ ਦੀ ਬਾਂਗ ਮੈਨੂੰ ਬਹੁਤ ਪਿਆਰੀ ਲਗਦੀ ਸੀ, ਜਾਪਦਾ ਸੀ ਜਿਵੇਂ ਕੋਈ ਮੈਨੂੰ ਆਪਣੇ ਪਾਸ ਬੁਲਾ ਰਿਹਾ ਹੋਵੇ। ਹਾਲਾਂਕਿ ਮੈਂ ਪ੍ਰਭੂ-ਭਗਤ ਬਿਲਕੁਲ ਨਹੀਂ। ਪਰ ਜਦ ਵੀ ਕਿਸੇ ਵੀ ਕੌਮ ਦਾ ਧਾਰਮਿਕ ਜਲੂਸ ਮੇਰੇ ਪਾਸ ਦੀ ਲੰਘਦਾ ਹੈ ਤਾਂ ਮੇਰੀਆਂ ਅੱਖਾਂ ਵਿਚ ਹੰਝੂ ਉਮਡ ਆਉਂਦੇ ਹਨ। ਸਵੇਰੇ ਇਸ਼ਨਾਨ ਕਰਦੇ ਸਮੇਂ ਗੁਰਬਾਣੀ ਜਾਂ ਬਾਬਾ ਫ਼ਰੀਦ ਜਾਂ ਭਗਤ ਕਬੀਰ ਦੀ ਬਾਣੀ ਮੇਰੇ ਮੂੰਹ 'ਚੋਂ ਆਪ ਮੁਹਾਰੇ ਨਿਕਲਣੀ ਸ਼ੁਰੂ ਹੋ ਜਾਂਦੀ ਹੈ। ਇਕ ਵਾਰ ਮਾਰੂ ਰਾਗ ਵਿਚ ਕੀਰਤਨ ਸੁਣਦੇ ਸਮੇਂ ਮੈਂ ਅੱਖਾਂ ਦੀ ਜਲ-ਧਾਰਾ ਨੂੰ ਬਿਲਕੁਲ ਨਾ ਰੋਕਿਆ, ਇਹ ਕੀ ਜਜ਼ਬਾ ਹੈ? ਇਹ ਪ੍ਰਸ਼ਨ ਮੈਂ ਆਪਣੇ ਅਧਿਆਪਕ ਤੇ ਮਿੱਤਰ ਪ੍ਰਿੰ.

ਸੁਜਾਨ ਸਿੰਘ ਨੂੰ ਵੀ ਪੁੱਛਿਆ ਸੀ, ਪਰ ਉਸ ਪਾਸ ਉੱਤਰ ਕੋਈ ਨਹੀਂ ਸੀ, ਸਗੋਂ ਉਹ ਵੀ ਮੇਰੇ ਵਰਗੇ ਜਜ਼ਬਾਤਾਂ ਦਾ ਮਰੀਜ਼ ਹੀ ਨਿਕਲਿਆ। ਕਦੀ ਪੂਜਾ-ਪਾਠ ਨਹੀਂ ਕੀਤੀ ਪਰ ਅਗਰਬੱਤੀ ਜਾਂ ਧੂਫ ਧੁਖਾਂਦਿਆਂ ਹੀ ਗੁਰਦੁਆਰੇ ਜਾਂ ਮੰਦਰ ਵਰਗੀ ਪਵਿੱਤਰਤਾ ਦਾ ਅਨੁਭਵ ਹੋਣ ਲਗਦਾ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕੋਈ ਬੁੱਲ੍ਹਾ ਜਾਂ ਹਾਸ਼ਮ ਸਾਡੇ ਅੰਦਰ ਜ਼ਰੂਰ ਲੁਕਿਆ ਬੈਠਾ ਹੈ ਜਿਨ੍ਹਾਂ ਨੇ ਇਸ਼ਕ ਨੂੰ ਖ਼ੁਦਾ ਦੀ ਜ਼ਾਤ ਮੰਨ ਕੇ ਅਮਰ ਗੀਤ ਗਾਏ ਨੇ। ਕਦੀ ਕਦੀ ਤਾਂ ਇਸ ਏਡੇ-ਪਸਾਰ ਨੂੰ ਛਡ ਕੇ ਦਰਿਆਵਾਂ ਕਿਨਾਰੇ ਜੰਗਲਾਂ ਵਿਚ ਫਿਰਨ ਨੂੰ ਦਿਲ ਕਰਦਾ ਹੈ, ਪਰ ਇਸ ਨੂੰ ਅਪਸਾਰ ਜਾਂ ਫਰਾਰੀਅਤ ਸਮਝ ਕੇ ਅਕਲ ਬੰਨ੍ਹ ਲੈਂਦੀ ਹੈ। ਇਹ ਅਕਲ ਕਦ ਤਕ ਮੇਰਾ ਸਾਥ ਦੇਵੇਗੀ ?

# ਫ਼ੌਜਾਂ

ਜਦ ਵੀ ਮੈਂ ਕਦੀ ਕਿਸੇ ਫ਼ੌਜੀ ਨੂੰ ਵੇਖਦਾ ਹਾਂ ਤਾਂ ਉਸ ਦੀ ਨੁਹਾਰ ਵਿਚੋਂ ਉਸ ਦੀ ਮਾਂ ਦੇ ਚਿਹਰੇ ਦੀ ਕਲਪਨਾ ਕਰਦਾ ਹਾਂ ਜੋ ਹਰ ਸਮੇਂ ਚੇਤ, ਅਚੇਤ, ਸੁਚੇਤ ਆਪਣੇ ਬੱਚੇ ਦੀ ਜਾਨ-ਸਲਾਮਤੀ ਲਈ ਦੁਆਵਾਂ ਕਰਦੀ ਰਹਿੰਦੀ ਹੈ।

ਪਰ ਜਗਤ ਮਾਤਾ! ਤੂੰ ਤਾਂ ਭੋਲੀ ਹੈ! ਸਦੀਆਂ ਤੋਂ ਤੇਰਾ ਪੁੱਤਰ, ਪੱਥਰ, ਤਲਵਾਰ, ਤੀਰ ਤੇ ਗੋਲੀ ਦਾ ਨਿਸ਼ਾਨਾ ਬਣਦਾ ਰਿਹਾ ਏ, ਸਿਕੰਦਰ ਨਾਲ ਵੀ ਤੇਰਾ ਪੁੱਤਰ ਹੀ ਤੁਰਿਆ ਸੀ, ਜੂਲੀਅਸ ਸੀਜ਼ਰ ਦੀਆਂ ਜਿੱਤਾਂ ਲਈ ਤੇਰੇ ਪੁੱਤਰਾਂ ਦੇ ਸਿਰਾਂ ਦੇ ਬੁਰਜ ਉਸਾਰੇ ਗਏ ਸਨ। ਹਰ ਯੁੱਗ ਵਿਚ ਕੋਈ ਨਾ ਕੋਈ ਹਿਟਲਰ ਜਾਂ ਯਾਹੀਆ ਜਨਮ ਲੈਂਦਾ ਹੈ ਜੋ ਆਪਣੇ ਸ੍ਵੈ-ਪ੍ਰਤਾਪ ਲਈ ਮਾਵਾਂ ਦੇ ਪੁੱਤਰਾਂ ਨੂੰ ਜੰਗ ਦੀ ਭੱਠੀ ਵਿਚ ਝੋਕਦਾ ਹੈ, ਸ਼ਰਾਫਤ ਦੇ ਚੋਲੇ ਵਿਚ ਨਿਕਸਨ ਜਨਮ ਲੈਂਦਾ ਹੈ ਤੇ ਅਮਰੀਕਨ ਮਾਵਾਂ ਦੇ ਜਲੂਸ ਦੀ ਆਵਾਜ਼ ਉਸ ਦੇ ਕੰਨਾਂ ਤਕ ਨਹੀਂ ਪਹੁੰਚਦੀ। ਕੁਝ ਪੁੱਤਰ ਕਿਸੇ ਮੂਰਖ, ਜ਼ਿੱਦੀ, ਸ੍ਵੈ-ਵਕਾਰੀ, ਅਭਿਮਾਨੀ ਡਿਕਟੇਟਰਾਂ ਦੀ ਭੇਟ ਚੜ੍ਹ ਜਾਂਦੇ ਹਨ ਤੇ ਕੁਝ ਸੱਚ ਲਈ ਕੁਰਬਾਨ ਹੋ ਜਾਂਦੇ ਹਨ।

ਮਾਵਾਂ ਦੇ ਪੁੱਤਰ ਫ਼ੌਜੀ ਬਣਦੇ ਹਨ।

ਤੇ ਹਰ ਫ਼ੌਜੀ ਮੌਤ ਵਲ ਮਾਰਚ ਕਰਦਾ ਹੈ।

ਕੋਈ ਸੱਚ ਲਈ ਕੋਈ ਝੂਠ ਲਈ।

ਮੌਤ ਤਾਂ ਮੌਤ ਹੈ ਚਾਹੇ ਕੀੜੀ ਦੀ ਹੋਵੇ ਚਾਹੇ ਹਾਥੀ ਦੀ। ਇਹਨਾਂ ਮੌਤਾਂ ਉਤੇ ਮਾਤਮ ਹੁੰਦੇ ਹਨ। ਫ਼ੌਜੀਆਂ ਲਈ ਸਮੂਹਿਕ ਮਾਤਮ ਹੁੰਦੇ ਹਨ-ਮਾਵਾਂ ਦੇ ਕੀਰਨਿਆਂ ਤੇ ਸਿਸਕੀਆਂ ਨੂੰ ਇਨਾਮਾਂ 'ਤੇ ਤਮਗਿਆਂ ਦੇ ਜਲਸੇ ਵਿਚ ਚੁੱਪ ਕਰਾਇਆ ਜਾਂਦਾ ਵੈ।

ਜਦ ਕਿਸੇ ਫ਼ੌਜੀ ਦੀ ਪਤਨੀ ਮਰਨ-ਉਪਰੰਤ ਪੁਰਸਕਾਰ ਲੈਣ ਲਈ ਉਠਦੀ ਹੈ ਤਾਂ ਭਾਵਕ ਮਨਾਂ ਦੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਸਿਰ ਤੇ ਚਿੱਟਾ ਭੇਛਣ ਓੜੀ,

ਉਹ ਝੋਲੀ ਵਿਚ ਆਪਣੇ ਪਤੀ ਦੀਆਂ ਅਸਥੀਆਂ ਪੁਆ ਲੈਂਦੀ ਹੈ-ਉਸ ਦੇ ਹੰਝੂ ਜੈ ਜੈ ਕਾਰ ਦੇ ਨਾਅਰਿਆਂ ਵਿਚ ਅਣਵੇਖੇ ਵਹਿ ਜਾਂਦੇ ਹਨ।

ਫ਼ੌਜਾਂ ਮਾਰਚ ਕਰ ਰਹੀਆਂ ਹਨ,

ਮੇਰੇ ਦੇਸ਼ ਦੀਆਂ, ਦੁਸ਼ਮਨ ਦੇ ਦੇਸ਼ ਦੀਆਂ !

# ਪਿਆਰ

ਜਦੋਂ ਪਿਆਰ ਦਾ ਅਹਿਸਾਸ ਹੁੰਦਾ ਹੈ ਤਾਂ ਇੰਜ ਪ੍ਰਤੀਤ ਹੁੰਦਾ ਏ ਜਿਵੇਂ ਕਿਸੇ ਪ੍ਰਬੀਨ ਕਲਾਕਾਰ ਨੇ ਪਿਆਨੋ ਦੀਆਂ ਸੁਰਾਂ ਉਤੇ ਆਪਣੀਆਂ ਕਲਾਤਮਕ ਉਂਗਲਾਂ ਇਕਵਾਰਗੀ ਫੇਰ ਦਿਤੀਆਂ ਹੋਣ ਤੇ ਇਕ ਸਵਰ-ਲਹਿਰੀ ਸੁੱਤੇ-ਸਿਧ ਉਦੈ ਹੋ ਗਈ ਹੋਵੇ। ਸਰੀਰ, ਆਬਸ਼ਾਰ 'ਚੋਂ ਵਹਿੰਦੇ ਪਾਣੀ ਦੀਆਂ ਕੋਮਲ ਫੁਹਾਰਾਂ ਵਿਚ ਸਰਸ਼ਾਰ ਹੋ ਰਿਹਾ ਹੋਵੇ, ਦੂਰ ਕਿਸੇ ਮੰਦਰ 'ਚ ਕਿਸੇ ਭਗਤਣੀ ਨੇ ਮੀਰਾਂ ਬਾਈ ਦਾ ਭਜਨ ਗਾਉਣਾ ਸ਼ੁਰੂ ਕਰ ਦਿੱਤਾ ਹੋਵੇ। ਕੁਝ ਅਜਿਹਾ ਕੋਮਲ ਅਨੁਭਵ ਹੁੰਦਾ ਹੈ ਜਿਸ ਨੂੰ ਬਿਆਨ ਕਰਨ ਦੀ ਸ਼ਕਤੀ, ਸ਼ਾਇਦ ਮੇਰੇ ਸ਼ਬਦਾਂ ਵਿਚ ਨਹੀਂ।

ਮਰਦ ਤੇ ਤੀਵੀਂ, ਦੋਵੇਂ ਇਕ ਦੂਜੇ ਦੇ ਪੂਰਕ ਹਨ। ਇਕ ਦੂਜੇ ਤੋਂ ਨਿਖੜੇ ਇਕੋ ਗੱਡੀ ਦੇ ਦੋ ਅੰਗ, ਪਰ ਆਪਣਾ ਅਸਲ ਦੂਜਾ ਅੰਗ ਸ਼ਾਇਦ ਹੀ ਕਦੀ ਲੱਭਦਾ ਹੈ। ਕੋਈ ਇਕ ਅੰਸ਼ ਜਦੋਂ ਕਿਸੇ ਦੂਜੇ ਵਿਚੋਂ ਝਲਕਦਾ ਹੈ ਤਾਂ ਅਸੀਂ ਸਮਝਦੇ ਹਾਂ ਕਿ ਆਪਣਾ ਆਪਾ ਮਿਲ ਗਿਆ ਹੋਵੇ। ਇਸੇ ਸਮਝ ਵਿਚ ਲੋਕ ਇਕ ਦੂਜੇ ਨਾਲ ਜੁੜ ਜਾਂਦੇ ਹਨ, ਪਰ ਬਹੁਤੀ ਵਾਰੀ ਇਸ ਮਿਲਾਪ ਤੋਂ ਬਾਦ ਵੀ ਕਿਸੇ ਹੋਰਸ ਵਿਚੋਂ ਸਾਡੀ ਆਤਮਾ ਦਾ ਝਲਕਾ ਪੈਂਦਾ ਹੈ, ਤਾਂ ਅਸੀਂ ਵਫ਼ਾ ਤੇ ਬੇਵਫ਼ਾਈ ਦੇ ਅੰਤਰ ਦਵੰਦ ਵਿਚ ਫੱਸ ਜਾਂਦੇ ਹਾਂ।

ਸਦੀਵੀ ਵਫ਼ਾ ਦੀ ਭਾਲ ਵਿਅਰਥ ਹੈ, ਜੋ ਕਿੱਸੇ ਮਿਲਦੇ ਹਨ, ਉਹ ਜਨੂਨ ਹੈ। ਸੰਤੁਲਤ ਮਨੁੱਖ ਦਾ ਪਿਆਰ ਵੀ ਸੰਤੁਲਤ ਹੁੰਦਾ ਹੈ, ਪਿਆਰ ਨੂੰ ਅੰਨ੍ਹਾ ਸਮਝਣਾ ਕਮ-ਅਕਲੀ ਹੈ। ਪਿਆਰ ਤਾਂ ਸਭ ਤੋਂ ਵੱਧ ਸੁਜਾਖਾ ਹੈ।

ਆਪਣੀ ਹਸਤੀ ਦੇ ਜਿਹੜੇ ਵੀ ਅੰਗ ਸਾਨੂੰ ਕਿਤੇ ਮਿਲਦੇ ਹਨ, ਉਨ੍ਹਾਂ ਨਾਲ ਸਾਂਝ ਦੀ ਅਗਰਬੱਤੀ ਜਗ ਹੀ ਪੈਂਦੀ ਹੈ, ਨਿੰਮ੍ਹੀ ਨਿੰਮ੍ਹੀ ਖ਼ੁਸ਼ਬੂ ਪਤਾ ਨਹੀਂ ਕਿਥੋਂ ਆਈ ਜਾਂਦੀ ਹੈ। ਮਨ ਦਾ ਕਮਰਾ ਮਹਿਕਿਆ ਜਾਪਦਾ ਹੈ।

ਪਿਆਰ-ਵਿਗੁੱਤੇ ਮਨੁੱਖਾਂ ਦੇ ਚਿਹਰੇ 'ਤੇ ਅਨੋਖੀ ਮੁਸਕ੍ਰਾਹਟ ਖੇਡਦੀ ਹੈ, ਤਦੇ ਹੀ ਇਹ ਲੋਕ ਛੇਤੀ ਪਛਾਣੇ ਜਾਂਦੇ ਹਨ ਅਤੇ ਜ਼ਿੰਦਗੀ ਵਿਚ ਸੜ ਰਹੇ ਮਨੁੱਖਾਂ ਲਈ

ਈਰਖਾ ਦਾ ਕਾਰਣ ਬਣ ਜਾਂਦੇ ਹਨ। ਸਾਡੇ ਪਿਆਰ-ਵਿਹੂਣੇ ਲੋਕ ਇਨ੍ਹਾਂ ਪ੍ਰਤਿ ਤੂਫ਼ਾਨ ਖੜ੍ਹਾ ਕਰ ਦੇਂਦੇ ਹਨ। ਸਿਦਕੀ ਤੇ ਮਾਨਸਕ ਤੌਰ ਤੇ ਦ੍ਰਿੜ੍ਹ ਲੋਕ ਅਜਿਹੇ ਤੂਫ਼ਾਨ ਨਾਲ ਟਕਰਾ ਕੇ, ਗਾਥਾਵਾਂ ਵਰਗੀਆਂ ਰਵਾਇਤਾਂ ਕਾਇਮ ਕਰ ਜਾਂਦੇ ਹਨ।

ਕਾਮ, ਪਿਆਰ ਦੀ ਇਕ ਸਾਧਾਰਣ ਪ੍ਰਕਿਰਿਆ ਹੈ, ਜਿਵੇਂ ਸੁਗੰਧ-ਸੁਮੀਰ ਦੇ ਵਗਣ ਨਾਲ ਪੱਤੇ ਝੂਮ ਉੱਠਦੇ ਹਨ। ਪਰ ਵਾਸਨਾ ਹੀ ਸਭ ਕੁਝ ਨਹੀਂ, ਇਹ ਪਾਪ ਵੀ ਨਹੀਂ, ਲਾਜ਼ਮੀ ਵੀ ਨਹੀਂ ਵਿਵਰਜਿਤ ਵੀ ਨਹੀਂ, ਕਾਮ ਏਕਾਧਿਕਾਰ ਮੰਗਦਾ ਹੈ, ਪਿਆਰ ਵਿਚ ਅਜ਼ਾਰਦਾਰੀ ਕੋਈ ਨਹੀਂ, ਮਨ ਦੀ ਸਾਂਝ ਹੈ, ਦਿਲ ਨਿਛਾਵਰ ਹੋਣ ਨੂੰ ਕਰਦਾ ਹੈ, ਏਕਾਧਿਕਾਰ ਕਾਹਦਾ? ਕਾਮ ਦੀ ਬਹੁਤੀ ਖੁਲ੍ਹ-ਖੇਡ ਇਸ ਦੇ ਰੋਮਾਂਸ ਨੂੰ ਕਤਲ ਕਰਦੀ ਹੈ ਤੇ ਕਤਲ ਹੋਇਆ ਪਿਆਰ ਲੁਛਦਾ ਹੈ, ਸੁਗੰਧ ਨਹੀਂ ਦੇਂਦਾ। ਇਸ ਸੜਣ ਦੀ ਬਦਬੂ ਸਾਰੇ ਵਾਤਾਵਰਣ ਨੂੰ ਗੰਧਲਾ ਕਰ ਦੇਂਦੀ ਹੈ।

ਪਿਆਰ ਦੀ ਤਿਤਲੀ ਨੂੰ ਫੜ ਕੇ, ਕਿਤਾਬ ਜਾਂ ਦਰਾਜ਼ ਵਿਚ ਬੰਦ ਕਰਨਾ ਗੁਨਾਹ ਹੈ। ਇਨ੍ਹਾਂ ਵਿਵਿਧ-ਰੰਗੀਆਂ ਤੇ ਕੋਮਲ-ਸਪਰਸ਼ੀ ਪਿਆਰ ਅਦਾਵਾਂ ਨੂੰ ਕੇਵਲ ਵਿਗਸਦਾ ਖਿੜਦਾ ਵੇਖਣ ਦੀ ਲੋੜ ਹੈ, ਖੰਭਾਂ ਦੀ ਰੰਗੀਨ ਉਡਾਣ ਬਹੁਤ ਪਿਆਰੀ ਲਗਦੀ ਹੈ, ਇਸ ਉਡਾਰੀ ਨਾਲ ਬੰਦਾ ਖ਼ੁਦ ਉਡਦਾ ਮਹਿਸੂਸ ਕਰਦਾ ਹੈ।

ਪਿਆਰ ਹੀ ਮਨੁੱਖ ਨੂੰ ਧਰਤੀ ਨਾਲ ਜੋੜਦਾ ਅਤੇ ਸਾਰੇ ਸੰਸਾਰ ਨੂੰ ਪਿਆਰ ਕਰਨ ਦੀ ਰੀਤ ਸਿਖਾਉਂਦਾ ਹੈ। ਪਿਆਰੇ ਦੇ ਸੰਗ ਵਿਚ ਸਾਰੀ ਦੁਨੀਆਂ ਦੀ ਯਾਤਰਾ ਕੀਤੀ ਜਾ ਸਕਦੀ ਹੈ।

ਮਨੁੱਖ ਦੀ ਅਪੂਰਨਤਾ, ਮੁਹੱਬਤ ਦੀ ਅਪ੍ਰਾਪਤੀ ਕਾਰਣ ਹੀ ਹੈ। ਇਸ ਵਿਚੋਂ ਚਿਹਰੇ ਦੁਆਲੇ ਆਭਾ ਦਾ ਜੋ ਪ੍ਰਵਾਹ ਛਲਕਦਾ ਹੈ ਉਸ ਦੇ ਦਰਸ਼ਨ ਹੀ ਰੱਬ ਦੇ ਦਰਸ਼ਨ ਹਨ। ਰੱਬ ਹੋਰ ਕੋਈ ਵੱਖਰੀ ਸ਼ੈਅ ਨਹੀਂ। ਉਹ ਕੇਵਲ ਸੰਸਾਰ ਦਾ ਪਿਆਰ ਹੈ, ਹਰ ਜੀਵ ਵਿਚੋਂ ਉਸ ਦਾ ਸੰਗੀਤ ਸੁਣਿਆ ਜਾ ਸਕਦਾ ਹੈ। ਇਹੀ ਨਾਦ-ਅਨਾਹਦ ਹੈ ਜੋ ਸੁੰਨ-ਸਮਾਧੀਆਂ ਵਿਚੋਂ ਨਹੀਂ, ਜ਼ਿੰਦਗੀ ਦੇ ਪਿਆਰ ਵਿਚੋਂ ਉਪਜਦਾ ਹੈ।

# ਸ਼ਹੀਦ ਤੇ ਧਰਮ

ਘਰ ਵਿਚ ਇਕ ਸਚਿੱਤਰ ਪੁਸਤਕ ਪਈ ਸੀ "ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ"। ਚਿਤ੍ਰਕਾਰ ਨੇ ਇੰਨੀ ਭੋਲੀ ਤੇ ਮਾਸੂਮ ਸ਼ਕਲ ਬਣਾਈ ਸੀ ਕਿ ਬਦੋ ਬਦੀ ਪਿਆਰ ਪਿਆ ਆਉਂਦਾ। ਉਨ੍ਹਾਂ ਦੇ ਚਿਹਰੇ 'ਤੇ ਚੜ੍ਹਦੇ ਸੂਰਜ ਵਰਗੀ ਲਾਲੀ, ਜਿਸ ਵਿਚ ਦ੍ਰਿੜ੍ਹਤਾ ਘੁਲੀ ਹੋਈ ਸੀ-ਮੈਂ ਉਹ ਚਿਹਰੇ ਵੇਖਦਾ ਤੇ ਆਪਣੇ ਸੱਤ-ਸਾਲਾ ਬੱਚੇ (ਸੁਪਨਿੰਦਰ) ਵੱਲ ਵੀ ਝਾਕ ਲੈਂਦਾ, ਬਿਲਕੁਲ ਓਹੀ ਸਰੂਪ-ਪਤਾ ਨਹੀਂ, ਇਹ ਮੇਰੇ ਮੋਹ ਦਾ ਛਲਾਵਾ ਸੀ ਜਾਂ ਉਸ ਦੀ ਭੋਲੀ ਸ਼ਕਲ ਕਿ ਉਨ੍ਹਾਂ ਦੀ ਤਸਵੀਰ ਵੇਖਦਿਆਂ ਹੀ ਮੈਨੂੰ ਜਾਪਦਾ ਕਿ ਮੇਰਾ ਪੁੱਤਰ ਨੀਂਹਾਂ ਵਿਚ ਚਿਣਿਆ ਜਾ ਰਿਹਾ ਹੈ। ਦਸਮ ਗੁਰੂ ਨੇ ਸਾਨੂੰ ਹੀ ਆਪਣੇ ਪੁੱਤਰ ਆਖਿਆ ਸੀ। ਜਦ ਵੀ ਮੈਂ ਉਹ ਤਸਵੀਰ ਵੇਖਦਾ ਮੇਰੇ ਅੰਦਰ ਆਰੀ ਜਿਹੀ ਫਿਰ ਜਾਂਦੀ ਹੈ। ਇਹ ਕੈਸਾ ਵਰਗ ਹੈ ਜੋ ਫੁੱਲਾਂ ਨੂੰ ਸੂਲੀ 'ਤੇ ਚਾੜ੍ਹਦਾ ਹੈ ! ਇਹ ਕਿਹੜੀ ਗੁੜ੍ਹਤੀ ਹੈ ਜਦੋਂ ਬਾਬੇ ਨੇ ਇਨ੍ਹਾਂ ਨੂੰ ਜਨਮ ਸਾਰ ਹੀ ਦੇ ਦਿਤੀ ! ਵੱਡੇ ਆਦਰਸ਼ਾਂ ਵਲ ਤੁਰਦੇ ਲੋਕ ਮੋਹ ਦੀਆਂ ਤੰਦਾਂ ਤੋੜ ਦੇਂਦੇ ਨੇ। ਇਹ ਸਾਹਿਬਜ਼ਾਦੇ ਮੇਰੀ ਆਤਮਾ ਵਿਚ ਵਧਦੇ ਗਏ।

ਫਿਰ ਉਹ ਸਚਿੱਤਰ ਪੁਸਤਕ ਕਿਤਾਬਾਂ ਦੇ ਢੇਰ ਹੇਠ ਕਿਤੇ ਦਬ ਗਈ, ਮੈਂ ਵੀ ਭੁਲ ਗਿਆ।

ਸਮਾਂ ਆਪਣੇ ਆਪ ਨੂੰ ਮੋੜ ਦੇਂਦਾ ਹੈ, ਇਸੇ ਤਰ੍ਹਾਂ ਵਸਤੂਆਂ ਵੀ ਕਿਸੇ ਟੋਰ ਵਿਚ ਟੁਰੀ ਜਾ ਰਹੀਆਂ ਨੇ। ਓਹੋ ਪੁਸਤਕ ਫਿਰ ਮੇਰੇ ਮੇਜ਼ ਤੇ, ਫਿਰ ਬੱਚਿਆਂ ਦੀਆਂ ਕਿਤਾਬਾਂ ਵਿਚ ਜਾ ਪਹੁੰਚੀ।

ਇਕ ਦਿਨ ਓਹੀ ਪੁਸਤਕ ਮੇਰਾ ਛੋਟਾ ਬੱਚਾ ਵੇਖ ਰਿਹਾ ਸੀ, ਪੜ੍ਹ ਰਿਹਾ ਸੀ। ਨੀਂਹਾਂ ਵਿਚ ਚਿਣੇ ਜਾਣ ਵਾਲਾ ਦ੍ਰਿਸ਼ ਲਿਆ ਕੇ ਮੈਨੂੰ ਪੁਛਣ ਲੱਗਾ, "ਪਾ ਜੀ, ਉਨ੍ਹਾਂ ਨੇ ਇਨ੍ਹਾਂ ਨੂੰ ਕਿਉਂ ਮਾਰਿਆ ?"

ਕੋਈ ਤੁਰੰਤ ਉੱਤਰ ਨਾ ਲੱਭਾ। ਮੈਂ ਕਿਹਾ, "ਉਹ ਕਹਿੰਦੇ ਸਨ, ਧਰਮ ਬਦਲ ਲਵੋ, ਕੇਸ ਕਟ ਲਵੋ, ਪਰ ਗੁਰੂ ਜੀ ਦੇ ਸਾਹਿਬਜ਼ਾਦੇ ਕਦੋਂ ਮੰਨਦੇ ਸਨ, ਉਹ ਹੱਸ ਹੱਸ ਕੇ ਸ਼ਹੀਦ ਹੋ ਗਏ।

"ਸ਼ਹੀਦ ਕੌਣ ਹੁੰਦੈ ?" ਇਕ ਹੋਰ ਪ੍ਰਸ਼ਨ।

"ਸ਼ਹੀਦ, ਕਾਕਾ, ਸ਼ਹੀਦ ਹੁੰਦੈ। ਜਿਹੜਾ ਧਰਮ ਲਈ ਜਾਨ ਵਾਰੇ, ਦੇਸ ਲਈ ਆਪ ਮਰ ਜਾਵੇ।"

"ਸਾਡਾ ਧਰਮ ਕੀ ਹੈ ਪਾ ਜੀ ? ਮੈਂ ਵੀ ਧਰਮ ਲਈ ਸ਼ਹੀਦ ਹੋ ਜਾਵਾਂ ?"

ਇਸ ਬੱਚੇ ਨੂੰ ਧਰਮ ਕੀ ਦੱਸਾਂ ? ਨਿਰੇ ਕੇਸ ਬਚਾਉਣੇ ਕੋਈ ਵੱਡੀ ਗੱਲ ਨਾ ਜਾਪੀ, ਪਰ ਹੁਣ ਉਹ ਦ੍ਰਿੜਤਾ ਮੇਰੇ ਬੱਚੇ ਦੇ ਮੂੰਹ ਤੇ ਵੀ ਸੀ।

ਮੈਂ ਉਸ ਨੂੰ ਪਲੋਸ ਲਿਆ, "ਕਾਕਾ, ਆਪਾਂ, ਕੱਠੇ ਸ਼ਹੀਦ ਹੋਵਾਂਗੇ। ਹਾਲੇ ਤੂੰ ਪੜ੍ਹਿਆ ਕਰ।" ਮੇਰੀ ਆਵਾਜ਼ ਵਿਚ ਹੰਝੂਆਂ ਦੀ ਮਿਲਾਵਟ ਸੀ। ਮੈਂ ਦੂਜੇ ਕਮਰੇ ਵਿਚ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਵਲ ਝਾਕ ਕੇ ਕਿਹਾ, "ਬਾਬਿਆ, ਸਾਨੂੰ ਵੀ ਕਿਸੇ ਨਵੇਂ ਧਰਮ ਦੀ ਪਾਹੁਲ ਦੇ ਜਾ।"

# ਸੜਕ ਪਾਰ ਕਰਦਾ ਬੁਢੇਪਾ

ਜਦੋਂ ਉਸ ਦਾ ਨਿਰਬਲ ਹੱਥ ਫੜ ਕੇ ਮੈਂ ਸੜਕ ਦੇ ਦੂਜੇ ਕਿਨਾਰੇ ਪੁੱਜਾ ਤਾਂ ਧੰਨਵਾਦ ਵਜੋਂ ਉਹ ਬੋਲਿਆ। ਜੀਉਂਦਾ ਰਵੇ ! ਵੱਡੀਆਂ ਉਮਰਾਂ ਮਾਣੇ ?"

ਮੈ ਉਸ ਯੁੱਗ-ਨਿਰਮਾਤਾ ਦੇ ਨਿਤਾਣੇ ਮੂੰਹ ਵੱਲ ਤੱਕਿਆ ਤੇ ਆਖਿਆ। ਬਾ ਜੀ, ਬਦ-ਅਸੀਸ ਨਾ ਦਿਓ ਵੱਡੀ ਉਮਰ ਵਿਚ ਸੜਕ ਕਿਨਾਰੇ ਖਲੋ ਕੇ ਕਿ ਆਸਰੇ ਨੂੰ ਉਡੀਕਣ ਨਾਲੋਂ ਤੁਰਦਿਆਂ ਫਿਰਦਿਆਂ ਹੀ ਚਲ ਵਸਾਂ, ਇਹ ਅਸੀਸ ਦਿਓ।

ਬਾਬਾ ਮੁਸਕਰਾ ਪਿਆ, ਇਕ ਤਨਜ਼ ਉਸ ਦੇ ਚਿਹਰੇ ਉੱਤੇ ਇੰਦਰ-ਧਨੁ ਵਾਂਗ ਫੈਲ ਗਈ।

ਪਿਤਾ ਜੀ ਨੂੰ ਮੈਂ ਕਈ ਵਾਰ ਕਹਿੰਦਾ ਹਾਂ। "ਹੁਣ ਤੁਸੀਂ ਸੇਵਾ-ਮੁਕਤ ਹੋ ਜਾਉ ਅਸੀਂ ਆਪ ਦੀ ਸੇਵਾ ਕਰਾਂਗੇ।"

ਉਹ ਵੀ ਮੁਸਕਰਾ ਪੈਂਦੇ ਹਨ, "ਜਦੋਂ ਵੀ ਕੰਮ ਛੱਡਿਆ, ਮੇਰੀ ਮੌਤ ਬੂਹੇ 'ਤੇ ਆ ਜਾਵੇਗੀ। ਇਹੀ ਮਸ਼ਵਰਾ ਮੈਨੂੰ ਉਨ੍ਹਾਂ ਦੇ ਪਰਮ ਮਿੱਤਰ ਭਾਪਾ ਪ੍ਰੀਤਮ ਸਿੰਘ ਦੇ ਹਨ। ਗਿਆਨੀ ਜੀ ਨੂੰ ਕੰਮ ਕਰਦੇ ਰਹਿਣ ਦਿਓ। ਕੰਮ ਹੀ ਉਨ੍ਹਾਂ ਦੀ ਜ਼ਿੰਦਗੀ ਹੈ।

ਉਸ ਵੇਲੇ ਸਮਾਜਵਾਦੀ ਦੇਸ਼ਾਂ ਦੇ ਬਿਰਧ ਘਰਾਂ ਦੀ ਤਸਵੀਰ ਅੱਖਾਂ ਸਾਹ ਚਲ-ਚਿੱਤਰ ਵਾਂਗ ਆ ਜਾਂਦੀ ਹੈ ਹੱਸਦੇ ਮੁਸਕਰਾਂਦੇ ਲਤੀਫੇ ਛੱਡ ਪਿਆਰੇ-ਪਿਆਰੇ ਬਿਰਧ ਮਰਦ ਤੇ ਔਰਤਾਂ ਸਿਆਲ ਵਿਚ ਧੁੱਪ-ਇਸ਼ਨਾਨ ਕਰ ਅਤੀਤ ਵੱਲ ਝਾਕਦੇ ਵਿਸਮਾਦ-ਵਿਸਮਾਦ ਹੋ ਰਹੇ ਹਨ। ਭੱਖਦੀਆਂ ਗਰਮੀਆਂ ਵਿਚ ਚਸ਼ਮਿਆਂ ਕੰਢੇ ਬੈਠੇ ਬਾਤਾਂ ਪਾ ਰਹੇ ਹਨ, ਹਰ ਤਰ੍ਹਾਂ ਦੀ ਸੈਰ-ਤਫ਼ਰੀਹ ਹੱਕਦਾਰ! ਜ਼ਿੰਦਗੀ ਦੇ ਰਾਜੇ। ਉਸਰੱਈਏ ! ਇਹ ਬਿਰਧ ਕੋਟਲਾ ਛਪਾਕੀ ਦੀ ਵਾਰ ਦੇ ਕੇ ਬੜੇ ਮਜੇ ਨਾਲ ਬੈਠੇ ਹਨ।

ਇਕ ਹੋਰ ਬਜ਼ੁਰਗ ਆ ਰਹੇ ਹਨ। ਇਹ ਲੇਖ ਉਨ੍ਹਾਂ ਨੂੰ ਸਮਰਪਣ ਹੈ। ਮੇਰੇ ਕਵੀ ਦੋਸਤ (ਵਰਿਆਮ ਅਸਰ) ਦੇ ਪਿਤਾ, ਉਮਰ 80-82 ਸਾਲ ਹੈ। ਜਦੋਂ ਵੀ ਮੈਂ ਉਸ ਦੇ ਘਰ ਜਾਣਾਂ, ਤਾਂ ਪੋਤਰੇ ਜਾਂ ਪੋਤਰੀ ਦੀ ਬਾਂਹ ਫੜੀ ਉਨ੍ਹਾਂ ਬੈਠਕ ਵਿਚ ਆ ਜਾਣਾ,

"ਐਤਕੀਂ ਬੜੀ ਦੇਰ ਬਾਅਦ ਆਏ ਹੋ, ਮੈਂ ਉਡੀਕ ਕਰਦਾ ਹੀ ਰਹਿੰਨਾ। ਇਹ ਆਪਣਾ ਕਵੀ-ਪੁੱਤਰ ਤਾਂ ਪੌਣੇ ਘੰਟੇ ਵਿਚ ਪੱਗ ਹੀ ਮੁਸ਼ਕਲ ਨਾਲ ਬੰਨ੍ਹਦੈ, ਜ਼ਿੰਦਗੀ ਤਾਂ ਤੇਰੀ ਐ-ਅਹਿ ਲੈ ਫੜ ਮੇਰਾ ਹਿੱਸਾ, ਸ਼ਾਮ ਇਕੱਠੇ ਬਿਤਾਵਾਂਗੇ।"

ਅਸੀਂ ਤਿੰਨੇ ਰਲ ਕੇ ਇਕੋ ਜਿੰਨਾ ਹਿੱਸਾ ਪਾਉਂਦੇ, ਵਧੀਆ ਦਾਰੂ ਪੀਂਦੇ, ਭਾਈਆ ਜੀ ਦੀ ਨੂੰਹ ਸਲਾਦ, ਦਹੀਂ ਤੇ ਹੋਰ ਕਿੰਨਾ ਕੁਝ ਲੈ ਆਉਂਦੀ। ਛੋਟੀਆਂ-ਛੋਟੀਆਂ ਪੋਤਰੀਆਂ ਬਾਬੇ ਦੇ ਖੱਬੇ ਸੱਜੇ ਬੈਠ ਕੇ ਉਸ ਦੀਆਂ ਪੋਪਲੀਆਂ-ਪੋਪਲੀਆਂ ਗੱਲਾਂ ਸੁਣਦੀਆਂ, ਪੋਤਰਾ ਵੀ ਇਕ ਅਧ ਚੁਸਕੀ ਲਾ ਜਾਂਦਾ। ਇਕ ਪੈੱਗ ਬਾਅਦ ਬਾਬਾ ਅਤੀਤ ਦੇ ਵਰਕੇ ਫੋਲਣ ਲਗ ਜਾਂਦਾ। ਅਫ਼ਰੀਕਾ ਵਿਚ ਉਸ ਨੇ ਤੀਹ ਵਰ੍ਹੇ ਬਿਤਾਏ ਸਨ-ਘਰੋਂ ਲਟਬੌਰਾ ਹੋ ਕੇ ਨਿਕਲਿਆ ਮੁੰਡਾ ਉੱਥੇ ਇਕ ਨੰਬਰ ਦਾ ਕਾਰੀਗਰ ਬਣ ਕੇ ਹਜ਼ਾਰਾਂ ਰੁਪਏ ਕਮਾਉਂਦਾ ਤੇ ਖ਼ਰਚ ਕਰਦਾ ਰਿਹਾ। ਪੁੱਤਰ ਦੀ ਹਾਜ਼ਰੀ ਵਿਚ ਵੀ ਉਹ ਅਫ਼ਰੀਕਾ ਦੀਆਂ ਭਰਪੂਰ ਜਵਾਨ ਔਰਤਾਂ ਦੇ ਸਾਥ ਦੀਆਂ ਗੱਲਾਂ ਬੜਾ ਨਿਸ਼ੰਗ ਹੋਕੇ ਕਰਦਾ ਸੀ-ਜ਼ਿੰਦਗੀ ਨੂੰ ਉਸ ਨੇ ਪੂਰੀ ਤਰ੍ਹਾਂ ਮਾਣਿਆ ਸੀ ਅਤੇ ਹੁਣ 80-82 ਸਾਲਾਂ ਦੀ ਉਮਰ ਵਿਚ ਵੀ ਕੌਲ-ਸਰ 'ਤੇ ਇਕ ਛੋਟੀ ਜਿਹੀ ਦੁਕਾਨ 'ਤੇ ਬੈਠ ਕੇ ਚੌਂਕੀਆਂ, ਪਾਵੇ, ਚਕਲੇ ਵੇਲਨੇ ਜਾਂ ਹੋਰ ਘਰੇਲੂ ਚੀਜ਼ਾਂ ਬਣਾ ਕੇ ਵੇਚ ਦੇਂਦਾ ਤੇ ਸ਼ਾਮ ਜੋਗੀ ਸਬਜ਼ੀ ਤੇ ਬੱਚਿਆਂ ਵਾਸਤੇ ਫਲ ਵੀ ਲੈ ਆਉਂਦਾ। ਦੀਵਾਲੀ ਤੇ ਲੋਹੜੀ ਦੀ ਰਾਤ ਅਸੀਂ ਲਗਾਤਾਰ 10 ਸਾਲ ਇਕੱਠੇ ਬਿਤਾਈ। ਕਦੀ-ਕਦੀ ਜੇ ਮੈਂ ਅਚਾਨਕ ਵੀ ਚਲੇ ਜਾਣਾ ਤਾਂ ਵੀ ਉਸ ਨੇ ਪੁੱਤਰ ਦੀ ਗ਼ੈਰ-ਹਾਜ਼ਰੀ ਮੇਰਾ ਦੋਸਤ ਬਣ ਕੇ ਪੂਰੀ ਕਰਨੀ। ਜਿਸ ਦਿਨ ਉਹ ਗੁਜ਼ਰਿਆ, ਮੈਂ ਸੋਚਿਆ, ਧਰਤੀ ਤੋਂ ਇਕ ਸ਼ਾਨਦਾਰ ਬਿਰਧ ਤੁਰ ਗਿਆ ਹੈ।

ਅੱਜ ਇਸ ਬਿਰਧ ਨੂੰ ਸੜਕ ਪਾਰ ਕਰਾਉਂਦੇ ਸਮੇਂ ਮੈਨੂੰ ਮਹਾਤਮਾ ਬੁੱਧ ਵੀ ਯਾਦ ਆ ਰਹੇ ਹਨ, ਜਿਨ੍ਹਾਂ ਨੇ ਬੁਢੇਪਾ ਵੇਖ ਕੇ ਆਪਣੇ ਰਥਵਾਨ ਨੂੰ ਪੁੱਛਿਆ ਸੀ, "ਚੰਨਿਆ, ਮੈਂ ਵੀ ਬੁੱਢਾ ਹੋ ਜਾਵਾਂਗਾ ?" ਅਤੇ ਉਸ ਦਾ ਉੱਤਰ ਸੁਣ ਕੇ ਉਹ ਬੈਰਾਗੀ ਹੋ ਕੇ ਸਾਰੇ ਸੰਸਾਰ ਦੀ ਸ਼ਾਂਤੀ ਲੱਭਣ ਟੁਰ ਪਏ ਸਨ।

ਪਰ ਬੁਢੇਪਾ ਅਜੇ ਵੀ ਮੇਰੇ ਸਾਹਮਣੇ ਵਿਕਰਾਲ ਰੂਪ ਧਾਰੀ ਖਲੋਤਾ ਹੈ। ਬਾਬਾ ਸੜਕ ਪਾਰ ਕਰ ਗਿਆ ਹੈ-ਮੈਂ ਇਹ ਸੜਕ ਹਾਲੇ ਪਾਰ ਕਰਨੀ ਹੈ।

# ਹਰਿਮੰਦਰ ਮੁਸਕ੍ਰਾਉਂਦਾ ਹੈ

ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਨਗਰ ਦਾ ਵਾਸੀ ਹਾਂ, ਇਥੇ ਹੀ ਜੰਮਿਆ, ਪਲਿਆ ਤੇ ਪੜ੍ਹਿਆ ਹਾਂ। ਕਈ ਨਗਰਾਂ ਤੇ ਮਹਾਂ-ਨਗਰਾਂ ਦੀ ਧੂੜ ਫੱਕ ਕੇ ਅੱਜ ਕਲ੍ਹ ਫਿਰ ਆਪਣੇ ਨਗਰ ਇਥੇ ਹੀ ਆ ਵਸਿਆ ਹਾਂ।

ਹਰਿਮੰਦਰ (ਦਰਬਾਰ ਸਾਹਿਬ) ਇਸ ਨਗਰ ਦੀ ਚੂਲ ਹੈ, ਬਚਪਨ ਵਿਚ ਸਾਡਾ ਘਰ ਦਰਬਾਰ ਸਾਹਿਬ ਦੀ ਬਾਹਰਲੀ ਪ੍ਰਕਰਮਾ ਦੇ ਇਕ ਪੁਰਾਣੇ ਮਕਾਨ ਵਿਚ ਸੀ। ਸੁਬ੍ਹਾ-ਸਵੇਰੇ, ਅੰਮ੍ਰਿਤ ਵੇਲੇ ਜਾਂ ਭਿੰਨੀ-ਰੈਨੜੀਏ ਸਮੇਂ ਜਦੋਂ ਰਾਗੀ ਸਿੰਘ ਪੱਕੇ ਰਾਗ ਵਿਚ ਗੁਰੂ ਸਾਹਿਬ ਜਾਂ ਕਿਸੇ ਭਗਤ ਦੀ ਬਾਣੀ ਦਾ ਗਾਇਨ ਸ਼ੁਰੂ ਕਰਦੇ ਤਾਂ ਤਬਲੇ ਉੱਤੇ ਕਿਸੇ ਪ੍ਰਬੀਨ ਕਲਾਕਾਰ ਦੀ ਪਹਿਲੀ ਟੁਣਕਾਰ ਨਾਲ ਹੀ ਮੇਰੀ ਨੀਂਦ ਟੁੱਟ ਜਾਂਦੀ ਸੀ। ਸਾਰਾ ਨਗਰ, ਨੀਂਦਰ ਦੀ ਮਿੱਠੀ ਲੋਰੀ ਵਿਚ ਸੁੱਤਾ ਹੁੰਦਾ! ਹਰਿਮੰਦਰ ਸਾਹਿਬ ਦੇ ਸਰੋਵਰ ਦੇ ਜਲ ਦੀਆਂ ਤਰੰਗਾਂ ਨੂੰ ਪਾਰ ਕਰਕੇ ਗੁਰਬਾਣੀ ਦੇ ਸੰਗੀਤ ਦੀਆਂ ਇਹ ਮਧੁਰ ਸੁਰਾਂ ਮੇਰੇ ਕੰਨ ਵਿਚ ਅਨਹਦ ਨਾਦ ਜਗਾ ਦੇਂਦੀਆਂ। ਉਸ ਵੇਲੇ ਘਰ ਵਿਚ ਦਾਦੀ ਜਾਂ ਮੇਰੇ ਪਿਤਾ ਵੀ ਜਾਗੇ ਹੁੰਦੇ ਜਾਂ ਬਿਸਤਰੇ ਵਿਚ ਲੇਟੇ ਹੀ ਇਸ ਅਮਰ ਬਾਣੀ ਨੂੰ ਮਾਣਦੇ ਸਨ। ਮੈਂ ਕਈ ਵਾਰ ਚੌਕੜੀ ਮਾਰ ਕੇ ਮੰਜੀ 'ਤੇ ਬਹਿ ਜਾਂਦਾ ਜਾਂ ਮੇਰਾ ਦਿਲ ਕਰਦਾ ਕਿ ਝੱਟ-ਪੱਟ ਮੂੰਹ-ਹੱਥ ਧੋ ਕੇ ਸਰੋਵਰ ਦੀਆਂ ਲਹਿਰਾਂ ਉਤੇ ਤਰਦਾ ਹਰਿਮੰਦਰ ਦੇ ਅੰਦਰ ਜਾ ਬੈਠਾ। ਪਰ ਫਿਰ ਇਸ ਖ਼ਿਆਲ ਨਾਲ ਮਨ ਵਿਚ ਸੰਤਾਪ ਜਾਗਦਾ ਕਿ ਸਰੋਵਰ ਦੀਆਂ ਲਹਿਰਾਂ ਨੂੰ ਪਾਰ ਕਰ ਕੇ ਹਰਿਮੰਦਰ ਜਾਣਾ ਕਿੰਨਾ ਬੁਰਾ ਲੱਗੇਗਾ !

ਹੇਠਾਂ ਗਲੀ ਵਿਚ, ਸਾਡੇ ਘਰ ਦੇ ਕੋਲ ਹੀ ਉੱਚੀ ਮਣ ਵਾਲੇ ਖੂਹ ਉੱਤੇ ਬਾਬਾ ਭਗਤ ਸਿੰਘ ਖੂਹ ਵਿਚੋਂ ਡੋਲ ਕੱਢ ਕੱਢ ਕੇ ਪਿੰਡੇ ਤੇ ਪਾਣੀ ਪਾਈ ਜਾਂਦਾ ਅਤੇ ਨਾਲ ਨਾਲ ਹੀ ਗੁਰੂ ਗੋਬਿੰਦ ਸਿੰਘ ਦੀ ਮਹਾਂ-ਬਾਣੀ 'ਜਾਪੁ ਸਾਹਿਬ' ਦਾ ਪਾਠ ਵੀ ਕਰੀ ਜਾਂਦਾ ਸੀ। ਬਾਬਾ ਭਗਤ ਸਿੰਘ ਬਹੁਤ ਵੱਡਾ ਭੰਗੜ ਵੀ ਸੀ। ਉਹ ਸਾਡੇ ਇਸ ਖੂਹ ਉੱਤੇ ਬਣੇ, ਇਕ ਨਿੱਕੇ ਜਿਹੇ ਕਮਰੇ ਵਿਚ ਇਕ ਰੁਪਿਆ ਮਹੀਨਾ ਕਿਰਾਏ ਤੇ ਰਹਿੰਦਾ ਸੀ,

ਕਿਰਾਇਆ ਵੀ ਉਨ੍ਹਾਂ ਦਿਨਾਂ ਵਿਚ ਕੌਣ ਦੇਂਦਾ ਸੀ। ਨਿਰਮਲਾ ਸਾਧ ਸੀ, ਸਾਰੀ ਉਮਰ ਬਿਨਾਂ ਵਿਆਹ ਕੀਤਿਆਂ ਬਿਤਾ ਦਿੱਤੀ ਸੀ। ਉਦੋਂ ਉਹ ਅੱਧ-ਖੜ੍ਹ ਸੀ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਤੋਂ ਬਾਅਦ 'ਜਾਪ ਸਾਹਿਬ' ਦਾ ਪਾਠ ਸੰਪੂਰਨ ਕਰ ਕੇ-ਹਰਿਮੰਦਰ ਸਾਹਿਬ ਦੀ ਹਜ਼ੂਰੀ ਭਰਨਾ ਤੇ ਫਿਰ ਵਾਪਸ ਆ ਕੇ ਉੱਚੀ ਆਵਾਜ਼ ਵਿਚ ਕਹਿੰਦਾ, 'ਜਾਗੋ ਬਈ ਓ, ਗੁਰੂ ਸਾਹਿਬ ਬੁਲਾ ਰਹੇ ਨੇ! ਫਿਰ ਚੌੜੀ ਜਿਹੀ ਦੌਰੀ ਵਿਚ, ਸਾਰੀ ਸਮੱਗਰੀ ਪਾ ਕੇ, ਹੇਠੋਂ ਪਤਲੇ ਤੇ ਉਪਰ ਮੋਟੇ ਘੋਟਣੇ ਨਾਲ ਸੁਖ-ਨਿਧਾਨ ਘੋਟਣਾ ਸ਼ੁਰੂ ਕਰ ਦੇਂਦਾ, ਘੋਟਣੇ ਨਾਲ ਲੱਗੇ ਘੁੰਗਰੂਆਂ ਦੀ ਮਧੁਰ ਆਵਾਜ਼ ਨਾਲ ਵੀ ਉਹ ਬਾਣੀ ਪੜ੍ਹੀ ਜਾਂਦਾ। ਸੁਖ-ਨਿਧਾਨ ਦੀ ਮੁਕੰਮਲ ਤਿਆਰੀ ਬਾਅਦ ਉਹ ਇਸ ਵੱਡੇ ਸਾਰੇ ਗੋਲੇ ਨੂੰ ਗਿੱਲੇ ਪਰਨੇ ਵਿਚ ਲਪੇਟ ਲੈਂਦਾ। ਦਸਮ-ਗੁਰੂ ਦੀ ਅਰਦਾਸ ਕਰ ਕੇ ਪਹਿਲਾਂ ਛਾਂਦਾ ਆਪ ਛਕਦਾ, ਫਿਰ ਸਾਰੀ ਦਿਹਾੜੀ ਆਏ ਗਏ ਸਾਧੂ-ਮਲੰਗ ਦੀ ਸੇਵਾ ਵੀ ਕਰਦਾ। ਪ੍ਰਸ਼ਾਦ-ਪਾਣੀ ਦੀ ਉਸ ਨੂੰ ਕਦੀ ਤੋਟ ਨਹੀਂ ਸੀ ਆਈ।

ਹਰਿਮੰਦਰ ਦਾ ਇਹ ਅੰਮ੍ਰਿਤ ਵੇਲਾ ਮੇਰੇ ਮਨ ਦੇ ਸੰਸਕਾਰਾਂ ਨਾਲ ਅਜਿਹਾ ਜੁੜਿਆ ਹੈ ਕਿ ਮੈਂ ਇਸ ਨਾਲੋਂ ਕਦੀ ਵੀ ਟੁੱਟ ਨਹੀਂ ਸਕਾਂਗਾ। ਅੱਜ-ਕਲ੍ਹ ਤਾਂ ਹਰਿਮੰਦਰ ਸਾਹਿਬ ਦਾ ਕੀਰਤਨ ਸਵੇਰੇ 4-30 ਵਜੇ ਹੀ ਘਰ ਘਰ ਸੁਣਿਆ ਜਾ ਸਕਦਾ ਹੈ, ਪਰ ਉਦੋਂ ਉਸ ਮਾਹੌਲ ਵਿਚ ਸ਼ਾਮਲ ਹੋ ਕੇ ਬਾਬਾ ਜੀ ਦੇ ਪ੍ਰਕਾਸ਼ ਤੱਕ ਸੰਗਤਾਂ ਦੇ ਨਾਲ ਨਾਲ ਤੁਰਨ ਵਿਚ ਇਕ ਅਲਾਹੀ ਆਨੰਦ ਸੀ। ਰੁਪਹਿਲੀ ਪਾਲਕੀ ਸਾਹਿਬ ਵਿਚ ਬਾਬਾ ਜੀ ਦੀ ਬੀੜ ਬਿਰਾਜਮਾਨ ਹੁੰਦੀ ਸੀ। ਪਾਲਕੀ ਦੀ ਬਾਹੀ ਨੂੰ ਮੋਢੇ ਦਾ ਆਸਰਾ ਦੇਣ ਲਈ ਹਰ ਕੋਈ ਅੱਗੇ ਹੋ ਕੇ ਸੇਵਾ ਦਾ ਮੌਕਾ ਭਾਲਦਾ। ਸ਼ਹਿਰ ਦੇ ਬਹੁਤ ਪੁਰਾਣੇ ਵਸਨੀਕ ਘਰਾਣਿਆਂ ਦੇ ਹਿੰਦੂ-ਸਿਖ ਇਹ ਸੇਵਾ ਨਿਸ਼ਕਾਮ ਭਾਵ ਨਾਲ ਕਰਦੇ ਸਨ। ਪਹਿਲੀ ਚੌਕੀ ਦਾ ਜੱਥਾ, ਅੱਗੇ ਅੱਗੇ ਸ਼ਬਦ ਪੜ੍ਹੀ ਜਾਂਦਾ, ਪਿੱਛੇ ਪਾਲਕੀ ਸਾਹਿਬ ਦੀ ਸੇਵਾ ਵਿਚ ਰੁਝੇ ਗੁਰੂ ਦੇ ਭਗਤ ਉਸ ਸ਼ਬਦ ਨੂੰ ਦੁਹਰਾਈ ਜਾਂਦੇ। ਅੰਦਰਲੇ ਹਰਿਮੰਦਰ ਦੇ ਪ੍ਰਵੇਸ਼ ਦਵਾਰ ਉੱਤੇ, ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਵਾਗਤ ਵਜੋਂ ਕੀਰਤਨੀਏ ਸਿੰਘ ਖ਼ਾਮੋਸ਼ ਹੋ ਜਾਂਦੇ, ਫਿਰ ਮਹਾਰਾਜ ਦਾ ਸਿੰਘਾਸਣ ਸਜਾਉਣ ਤੱਕ ਸਾਰੀ ਸੰਗਤ ਰਲ ਕੇ ਸ਼ਬਦ ਪੜ੍ਹਦੀ। ਉਨ੍ਹਾਂ ਦਿਨਾਂ ਵਿਚ

ਇਕ ਅਰਦਾਸੀਆ ਸਿੰਘ ਸਾਹਿਬ ਸਨ : ਭਾਈ ਨਿੱਕਾ ਸਿੰਘ* ਉਨ੍ਹਾਂ ਵਰਗੀ ਅਰਦਾਸ ਮੈਂ ਅੱਜ ਤੱਕ ਨਹੀਂ ਸੁਣੀ। ਅੰਮ੍ਰਿਤ ਵੇਲੇ ਦੀ ਸੁਗੰਧ-ਸੁਮੀਰ ਦੀ ਫ਼ਿਜ਼ਾ ਵਿਚ ਜਦੋਂ ਉਨ੍ਹਾਂ ਦੀ ਬੁਲੰਦ ਆਵਾਜ਼ ਗੂੰਜਦੀ ; 'ਬੋਲਣਾ ਜੀ, ਸ੍ਰੀ ਵਾਹਿਗੁਰੂ-ਸ੍ਰੀ ਵਾਹਿਗੁਰੂ।' ਤਾਂ ਸਰੀਰ ਦਾ ਰੋਮ ਰੋਮ ਖਿਲ ਜਾਂਦਾ। ਮੈਂ ਪਾਲਕੀ ਸਾਹਿਬ ਦੀ ਸੇਵਾ ਵਿਚ ਬਹੁਤ ਘੱਟ ਵਾਰ ਸ਼ਾਮਲ ਹੋਇਆ ਸਾਂ, ਪਰ ਗਰਮੀਆਂ ਦੀ ਭਿੰਨੀ ਸਵੇਰ ਸਮੇਂ, ਮੈਂ ਮੰਜੇ 'ਤੇ ਪਿਆ ਜਾਂ ਚੌਂਕੜੀ ਮਾਰ ਕੇ ਬੈਠਾ ਸਭ ਕੁਝ ਸਾਹਮਣੇ ਹੁੰਦਾ ਮਹਿਸੂਸ ਕਰਦਾ ਸਾਂ। ਇਸ ਸਮੇਂ ਨੂੰ ਅੰਮ੍ਰਿਤਸਰ ਵਿਚ ਹਰ ਕੋਈ ਮਾਣਦਾ ਸੀ। ਹਰਿਮੰਦਰ ਸਾਹਿਬ ਦੀ ਇਸ ਪਰੰਪਰਾ ਵਿਚ ਭਾਰਤ ਦੇ ਅਨੇਕਾਂ ਧਰਮਾਂ ਦੀਆਂ ਰਵਾਇਤਾਂ ਦਾ ਮਿਸ਼ਰਣ ਹੈ, ਇਸੇ ਕਾਰਣ ਕੋਈ ਵੀ ਭਾਰਤੀ ਇਸ ਸਮੇਂ ਹਾਜ਼ਰ ਹੋ ਕੇ ਇਹੀ ਭਾਵ ਮਹਿਸੂਸ ਕਰੇਗਾ। ਮਹਾਂ-ਕਵੀ ਰਵਿੰਦਰ ਨਾਥ ਠਾਕੁਰ ਇਕ ਮਹੀਨਾ ਅੰਮ੍ਰਿਤਸਰ ਰਹੇ ਹਨ ; ਤਾਂ ਇਸ ਅੰਮ੍ਰਿਤ ਵੇਲੇ ਦੇ ਆਨੰਦ ਬਾਰੇ ਉਨ੍ਹਾਂ ਨੇ ਵੀ ਜ਼ਿਕਰ ਕੀਤਾ ਹੈ, ਖਾਸ ਕਰ ਕੇ 'ਸੁਖਮਨੀ ਸਾਹਿਬ' ਬਾਣੀ ਦੀ ਬਹੁਤ ਮਹਿਮਾ ਕਹੀ ਹੈ, ਮੇਰਾ ਨਿਜੀ ਵਿਸ਼ਵਾਸ ਹੈ-ਅਤੇ ਇਹ ਵਿਸ਼ਵਾਸ ਮੈਂ ਕਈਆਂ ਨਾਲ ਸਾਂਝਾ ਵੀ ਕਰ ਚੁੱਕਾ ਹਾਂ-ਕਿ 'ਗੀਤਾਂਜਲੀ' ਦੀ ਰਚਨਾ ਸਮੇਂ ਰਵੀ ਬਾਬੂ ਜੀ ਦੇ ਮਨ ਉਤੇ ਗੁਰਬਾਣੀ ਦੇ ਵਿਸਮਾਦ ਦਾ ਪ੍ਰਭਾਵ ਸੀ-ਉਨ੍ਹਾਂ ਦੇ ਅਨੇਕਾਂ ਗੀਤਾਂ ਵਿਚੋਂ 'ਸੁਖਮਨੀ' ਦੀ ਭਾਹ ਮਿਲਦੀ ਹੈ।

ਹਰਿਮੰਦਰ ਦੇ ਅੰਮ੍ਰਿਤ ਵੇਲੇ ਦੇ ਆਨੰਦ ਬਾਰੇ ਮੈਂ ਅੱਜ ਤੱਕ ਵਿਸਮਾਦਿਤ ਹਾਂ। ਕੇਵਲ ਜੂਨ 84 ਵਿਚ ਮਨ ਬਹੁਤ ਦੁਖੀ ਹੋਇਆ ਸੀ। ਉਦੋਂ ਸਾਰਾ ਪੰਜਾਬ ਅਤੇ ਖਾਸ ਕਰਕੇ ਅਸੀਂ ਅੰਮ੍ਰਿਤਸਰ ਦੇ ਵਸਨੀਕ ਤਾਂ ਦੁਨੀਆਂ ਨਾਲੋਂ ਟੁੱਟ ਹੀ ਗਏ ਸਾਂ। ਛੇ ਜੂਨ ਦੀ ਸਵੇਰ, ਮੇਰੀ ਬਿਰਧ ਮਾਤਾ ਕਰਫ਼ੀਉ ਦੇ ਸਿਪਾਹੀਆਂ ਤੋਂ ਬਚਦੀ ਬਚਾਉਂਦੀ ਜਾਂ ਮਿੰਨਤ-ਤਰਲਾ ਕਰਦੀ ਹੋਈ ਅਜੀਤ ਨਗਰੋਂ, ਮੇਰੇ ਘਰ ਆਜ਼ਾਦ ਨਗਰ ਪਹੁੰਚ ਗਈ, ਉਸ ਦਾ ਪਹਿਲਾ ਵਾਕ ਤਾਂ ਸੰਤਾਂ ਬਾਰੇ ਸੀ ਪਰ ਜਦੋਂ ਉਸ ਨੇ ਕਿਹਾ ਕਿ 'ਦਰਬਾਰ ਸਾਹਿਬ ਵੀ ਢਹਿ-ਢੇਰੀ ਕਰ ਦਿੱਤਾ ਨੇ।' ਤਾਂ ਮੇਰੇ ਹੰਝੂ ਠਲ੍ਹੇ ਨਹੀਂ ਸਨ ਗਏ। ਮੈਂ ਉਦੋਂ ਵੀ ਕਿਹਾ ਸੀ :

---

*ਉਨ੍ਹਾਂ ਦਾ ਬੇਟਾ ਮੇਰਾ ਜਮਾਤੀ ਸੀ, ਕੁਝ ਸਮਾਂ ਅਸੀਂ ਕਰਮ ਸਿੰਘ ਦੀ ਗਲੀ ਵਿਚ ਇਕੱਠੇ ਹੀ ਰਹੇ। ਅਰਦਾਸ ਦੀ ਸੇਵਾ ਉਨ੍ਹਾਂ ਦੇ ਖ਼ਾਨਦਾਨ ਵਿਚ ਚਿਰ ਤੋਂ ਚਲੀ ਆ ਰਹੀ ਸੀ।

'ਬੀਬੀ ਜੀ, ਕਦੀ ਹਰਿਮੰਦਰ ਵੀ ਢੱਠੇ ਨੇ। ਇੱਟਾਂ, ਚੂਨਾ, ਸੰਗਮਰਮਰ ਦੇ ਸੋਨੇ ਨਾਲ ਹੀ ਹਰਿਮੰਦਰ ਨਹੀਂ ਬਣਦਾ। ਹਰਿਮੰਦਰ ਤਾਂ ਮੇਰੇ ਮਨ ਵਿਚ ਵਸਦਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਭੁੱਲ ਗਈ ਏਂ?' 'ਮਨ ਮੰਦਰ ਤਨ ਵੇਸ ਕਲੰਦਰ, ਘਟਿ ਹੀ ਤੀਰਥ ਨਾਵਾ॥ ਏਕ ਸ਼ਬਦ ਮੇਰੇ ਪ੍ਰਾਣ ਬਸਤ ਹੈ ਬਹੁਰ ਜਨਮ ਨਾ ਆਵਾ।।'

ਪਰ ਭੋਲੀ ਮਾਂ ਇਹ ਗੱਲ ਸਮਝ ਕੇ ਵੀ ਦੁਖੀ ਸੀ। ਜਿਸ ਹਰਿਮੰਦਰ ਦੀਆਂ ਪ੍ਰਕਰਮਾ ਵਿਚ ਸਾਡਾ ਬਾਲਪਣ ਬੀਤਿਆ ਹੋਵੇ, ਜਿਸ ਦੇ ਸਰੋਵਰ ਦੀ ਗੋਦ ਵਿਚ ਬੈਠ ਕੇ ਸ਼ੀਤਲਤਾ ਮਾਣੀ ਹੋਵੇ, ਉਸ ਬਾਰੇ ਕੋਈ ਵੀ ਸੋਗੀ ਖ਼ਬਰ ਸਾਨੂੰ ਸਭ ਨੂੰ ਦੁਖੀ ਕਰ ਸਕਦੀ ਹੈ। ਫਲਸਫਾ ਹੋਰ ਹੈ, ਭਾਵੁਕਤਾ ਹੋਰ। ਹਰਿਮੰਦਰ ਕਾਇਮ ਸੀ, ਅੱਜ ਵੀ ਉਸੇ ਸ਼ਾਨ ਨਾਲ ਉਸ ਦੇ ਕੇਸਰੀ ਨਿਸ਼ਾਨ ਸਾਹਿਬ ਠਾਠਾਂ ਮਾਰਦੀ ਪੌਣ ਵਿਚ ਲਹਿਰਾ ਰਹੇ ਨੇ।

ਹਰਿਮੰਦਰ ਸਾਹਿਬ ਵਿਚ ਮੇਰੀ ਜੀਵਨ-ਪ੍ਰੇਰਣਾ ਦਾ ਦੂਜਾ ਸ੍ਰੋਤ ਉਹ ਸ਼ਾਮ ਵੇਲਾ ਹੁੰਦਾ ਸੀ, ਜਦੋਂ ਅਕਾਲ ਤਖਤ ਸਾਹਿਬ ਪਹਿਲੀ ਮੰਜਿਲ ਤੇ 'ਰਹਿਰਾਸ ਅਤੇ ਅਰਦਾਸ' ਤੋਂ ਮਗਰੋਂ ਮਧ-ਕਾਲੀ ਯੋਧਿਆ ਸਾਹਿਬਜ਼ਾਦਿਆਂ ਤੇ ਗੁਰੂ ਸਾਹਿਬ ਦੇ ਨਿਜੀ ਸ਼ਸਤਰਾਂ ਦੇ ਦਰਸ਼ਨ ਕਰਾਏ ਜਾਂਦੇ ਸਨ। ਪਹਿਲਾਂ ਅਕਾਲ ਤਖ਼ਤ ਦੇ ਪਵਿਤਰ ਆਸਣ ਦੀ ਸੇਵਾ ਕਰਦੇ ਉਥੇ ਕੀਰਤਨ ਹੁੰਦਾ ਸੀ ਭਾਈ ਨਾਹਰ ਸਿੰਘ ਬੜਾ ਉੱਚਾ ਲੰਮਾ ਤੇ ਜਵਾਨ ਤਬਲਚੀ ਸੀ ਉਸ ਦੇ ਭਾਰੇ ਹੱਥ ਵਿਚ ਜੋੜੀ ਦੇ ਦੋਵੇਂ ਤਬਲੇ ਖਿਡਾਉਣੇ ਜਾਪਦੇ ਸਨ। ਇਕ ਅੰਨ੍ਹਾ ਭਾਈ ਸਾਰੰਗੀ ਵਜਾਉਂਦਾ ਸੀ ਦੋ ਰਾਗੀ ਸਿੰਘ ਹਰਮੋਨੀਅਮ ਤੇ ਸ਼ਬਦ ਗਾਵਦੇ। ਉਨ੍ਹਾਂ ਦਾ ਇਹ ਜਥਾ ਰਾਗ ਤੇ ਆਨੰਦ ਦੇ ਪਖੋਂ ਬਹੁਤਾ ਕਲਾਵੰਤ ਨਹੀਂ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਜੂਰੀ ਰਾਗੀ-ਜਥਾ ਹੋਣ ਕਰਕੇ ਲੋਕ ਇਨ੍ਹਾਂ ਦੀ ਬਹੁਤ ਇਜ਼ਤ ਕਰਦੇ ਸਨ। ਇਥੇ ਅਰਦਾਸ ਤੋਂ ਬਾਅਦ ਵਾਕ ਲਿਆ ਜਾਂਦਾ। ਫਿਰ ਕੁਝ ਲੋਕ ਸੰਗਮਰਮਰ ਦੀਆਂ ਪੌੜੀਆਂ ਚੜ੍ਹ ਕੇ ਪਹਿਲੀ ਮੰਜ਼ਿਲ ਦੇ ਛੋਟੇ ਜਿਹੇ ਮਰਮਰੀ ਆਂਗਣ ਵਿਚ ਇਕੱਤਰ ਹੋ ਜਾਂਦੇ। ਭਾਰੇ ਜਿਹੇ ਸਰੀਰ ਦਾ ਇਕ ਜਥੇਦਾਰ ਪਹਿਲਾਂ (ਹਰ ਰੋਜ਼ ਵਾਂਗ) ਪ੍ਰਾਚੀਨ ਹਥਿਆਰਾਂ ਤੇ ਸ਼ਹੀਦਾਂ ਦੀ ਮਹਾਨਤਾ ਬਾਰੇ 15-20 ਫਿਕਰੇ ਬੋਲਦਾ

ਫਿਰ ਸ਼ਸਤਰਾਂ ਦਾ ਪ੍ਰਦਰਸ਼ਨ ਸ਼ੁਰੂ ਹੁੰਦਾ। ਇਕ ਸੁਨਹਿਰੀ ਚਬੂਤਰੇ ਵਿਚੋਂ ਵਾਰ ਵਾਰ ਹਰ ਸ਼ਸਤਰ ਨੂੰ ਪਹਿਲਾਂ ਇਕ ਸਵੱਛ ਜਿਹੇ ਵਸਤਰ ਨਾਲ ਸਾਫ਼ ਕਰ ਕੇ ਉਸ ਸ਼ਸਤਰ ਦੀ ਮਹਾਨਤਾ ਅਤੇ ਸੰਬੰਧਿਤ ਯੋਧੇ ਦਾ ਜ਼ਿਕਰ ਕੀਤਾ ਜਾਂਦਾ ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਸੁਨਹਿਰੀ ਤੀਰਾਂ ਦੀ ਵਾਰੀ ਆਉਂਦੀ ਤਾਂ ਜਥੇਦਾਰ ਜੀ ਕਹਿੰਦੇ ਗੱਜ ਕੇ ਬੋਲੇ ਸ੍ਰੀ ਵਾਹਿਗੁਰੂ ਇਹ ਤੀਰਾਂ ਦਾ ਜੋੜਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਸਵੇਂ ਪਾਤਸ਼ਾਹ ਦਾ ਹੈ। ਗੁਰੂ ਸਾਹਿਬ ਦੇ ਹਰ ਤੀਰ ਨਾਲ ਤੋਲਾ ਤੋਲਾ ਸੋਨਾ ਲਗਿਆ ਹੁੰਦਾ ਸੀ ਤਾਂ ਜੁ ਜ਼ਖ਼ਮੀ ਦਾ ਇਲਾਜ ਵੀ ਹੋ ਸਕੇ। ਸੁਣ ਕੇ ਇਹ ਗੱਲ ਕੁਝ ਅਤਿ-ਕਥਨੀ ਲੱਗਦੀ, ਪਰ ਅਸੀਂ ਇਹ ਅੰਦਾਜ਼ਾ ਲਗਾ ਲੈਂਦੇ ਸਾਂ ਕਿ ਅਜਿਹੇ ਕੁਝ ਕੁ ਹੀ ਤੀਰ ਮਹਾਰਾਜ ਨੇ ਉਚੇਚੇ ਬਣਵਾਏ ਹੋਣਗੇ। ਵਰਨਾ ਜੰਗ ਵਿਚ ਇਹ ਦਯਾ-ਭਾਵ ਕਿਸੇ ਪੱਖੋਂ ਵੀ ਜਾਇਜ਼ ਨਹੀਂ ਸੀ। ਬਾਬਾ ਦੀਪ ਸਿੰਘ ਮਹਾਨ ਸ਼ਹੀਦ ਦੇ ਸ਼ਸਤਰਾਂ ਬਾਅਦ ਭੋਗ ਪੈ ਜਾਦਾ ਅਤੇ ਸਾਨੂੰ ਪ੍ਰਸਾਦ ਦੇ ਖੁਲ੍ਹੇ ਗੱਫੇ ਵੀ ਦਿੱਤੇ ਜਾਂਦੇ। ਸ਼ਸਤਰਾਂ ਦੀ ਇਹ ਰੋਜ਼ਾਨਾ ਪ੍ਰਦਰਸ਼ਨੀ ਤੇ ਅੰਦਰ ਇਹ ਭਾਵਨਾ ਪੈਦਾ ਕਰਦੀ ਗਈ ਕਿ ਜ਼ੁਲਮ ਅੱਗੇ ਨਹੀਂ ਝੁਕਣਾ ਸੱਚ ਦੀ ਖ਼ਾਤਰ ਮਰ ਜਾਣਾ ਹੀ ਅਸਲ ਸ਼ਹਾਦਤ ਹੈ। ਹਰਿਮੰਦਰ ਸਾਹਿਬ ਦਾ ਇਹ ਸਾਮ-ਵੇਲਾ ਸੈਂਕੜੇ ਹਜ਼ਾਰਾ ਲੋਕਾਂ ਲਈ ਸਵਰਗ ਦਾ ਝੂਟਾ ਸੀ-ਕਿਉਂਕਿ ਉਦੋਂ

ਅੰਮ੍ਰਿਤਸਰ ਦੇ ਲੋਕ ਘਰੋਂ ਪ੍ਰਸ਼ਾਦੇ ਪਕਾ ਕੇ ਲਿਆਉਂਦੇ ਸਨ ਤੇ ਅਕਾਲ ਤਖ਼ਤ ਸਾਹਿਬ ਸਾਹਵੇਂ ਬਣੇ ਦੀਵਾਨ ਸਥਾਨ ਵਿਚ ਬੈਠ ਕੇ ਪਰਿਵਾਰਾਂ ਸਮੇਤ ਪ੍ਰਸਾਦ ਛਕਦੇ। ਫਿਰ ਦੋ ਚਾਰ ਪ੍ਰਕਰਮਾ ਕੀਤੀਆਂ ਜਾਂਦੀਆਂ। ਇੰਨੇ ਨੂੰ ਚੌਂਕੀ ਸਾਹਿਬ[†] ਦਾ ਸਮਾਂ ਹੋ ਜਾਂਦਾ। ਮੈਨੂੰ ਉਸ ਸਮੇਂ ਦੀ ਚੌਂਕੀ ਸਾਹਿਬ ਦਾ ਇਕ ਬੋਲਾ ਸਿੰਘ ਕਦੀ ਨਹੀਂ ਭੁੱਲ ਸਕਦਾ। ਉਹ ਕਿਸੇ ਹੋਰ ਹੀ ਪ੍ਰਾਂਤ ਤੋਂ ਦਰਸ਼ਨਾਂ ਲਈ ਆਇਆ, ਇਥੇ ਸਿੰਘ ਸੱਜ ਗਿਆ ਸੀ। ਉਹ ਚਿੱਟੇ ਕਪੜਿਆਂ ਵਿਚ ਮਬਲੂਸ, ਨੀਲੀ ਪੱਗ ਬੱਧੀ, ਹੱਝ ਵਿਚ ਚਾਂਦੀ ਦੀ ਚੋਬ ਫੜ ਕੇ ਚੌਂਕੀ ਸਾਹਿਬ ਦੇ ਅੱਗੇ ਅੱਗੇ ਤੁਰੀ ਜਾਂਦਾ ਅਤੇ ਹ ਬੈਠੇ ਸੱਜਣ ਨੂੰ ਬੜੀ ਉੱਚੀ ਆਵਾਜ਼ ਵਿਚ ਕਹਿੰਦਾ, 'ਉਠੋ ਪਿਆਰਿਓ, ਚੌਂਕੀ ਸਾਹਿਬ ਆ ਰਹੀ ਹੈ।' ਬੋਲਾ ਹੋਣ ਕਰਕੇ ਉਹ ਬਹੁਤ ਉੱਚੀ ਬੋਲਦਾ ਸੀ। ਇਕ ਦੋ-ਵਾਰ, ਬਾਲ-ਵਰੇਸ ਸਮੇਂ ਮੈਂ ਉਸ ਦੀ

[†] ਪ੍ਰਕਰਮਾ ਵਿਚ ਚੌਂਕੀ ਸਾਹਿਬ ਦਾ ਰਿਵਾਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ੁਰੂ ਕੀਤਾ ਸੀ। ਸਵੇਰ ਦੀ ਪਹਿਲੀ ਚੌਂਕੀ ਚਾਰ ਵਜੇ ਸ਼ੁਰੂ ਹੁੰਦੀ ਸੀ। ਅੰਤਲੀ ਚੌਂਕੀ ਰਾਤ ਦੇ ਯਾਰਾ ਵਜੇ ਸਮਾਪਤ ਹੁੰਦੀ ਸੀ।

ਆਵਾਜ਼ ਦੀ ਨਕਲ ਲਾਹੀ। ਉਹ ਚਾਂਦੀ ਦਾ ਡੰਡਾ (ਚੋਬ) ਲੈ ਕੇ ਮੇਰੇ ਮਗਰ ਭੱਜਿਆ, ਮੈਨੂੰ ਬੜਾ ਡਰ ਲੱਗਾ, ਬੜੀ ਮੁਸ਼ਕਲ ਨਾਲ ਮੇਰੀ ਦਾਦੀ ਨੇ ਉਸ ਤੋਂ ਮੁਆਫ਼ੀ ਮੰਗ ਕੇ ਮੇਰੀ ਜਾਨ-ਬਖ਼ਸ਼ੀ ਕਰਾਈ। ਉਹ ਬੜਾ ਭਲਾ ਸਮਾਂ ਸੀ-ਦਰਬਾਰ ਸਾਹਿਬ (ਸ੍ਰੀ ਹਰਿਮੰਦਰ) ਪੰਜਾਬ ਦੀ ਸਾਂਝੀ ਕਲਚਰ ਦਾ ਅਤਿ ਉੱਤਮ ਨਮੂਨਾ ਸੀ, ਅੱਜ ਵੀ ਹੈ। ਕੁਝ ਵਕਤੀ ਦੌਰ ਆਉਂਦੇ ਹਨ, ਇਹ ਵੀ ਟੁਰ ਜਾਣਗੇ।

ਹਰਿਮੰਦਰ ਤੇ ਅਕਾਲ ਤਖ਼ਤ ਸਦਾ ਮੁਸਕ੍ਰਾਂਦੇ ਹਨ। ਭੋਲੇ ਇਨਸਾਨ ਇਹ ਸਮਝਦੇ ਹਨ ਕਿ ਕਿਸੇ ਦੁਸ਼ਟ ਦੇ ਤੋੜਿਆਂ ਇਹ ਟੁੱਟ ਜਾਂਦੇ ਹਨ। ਇਹ ਤਾਂ ਸਾਡੇ ਮਨਾਂ ਵਿਚ ਵੱਸਦੇ ਹਨ।

ਮੈਨੂੰ ਯਾਦ ਹੈ, ਜਦ ਮੈਂ 16 ਜੂਨ (1984) ਨੂੰ ਕਰਫਿਯੂ ਖ਼ਤਮ ਹੋਣ ਤੇ ਸ੍ਰੀ ਹਰਿਮੰਦਰ ਸਾਹਿਬ ਗਿਆ, ਤਾਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਹੋ ਰਹੀ ਸੀ। ਸੱਜੇ ਪਾਸੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਜ਼ਰੂਰ ਸਨ। ਅਕਾਲ ਤਖ਼ਤ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਡਿਉਢੀ ਦੇ ਵਿਚਕਾਰ ਖਲੋਤਿਆਂ ਮੇਰੀਆਂ ਅੱਖਾਂ ਵਿਚੋਂ ਹੰਝੂ ਵਹਿ ਤੁਰੇ ਸਨ-ਪਰ ਉਦੋਂ ਹੀ ਮੈਨੂੰ ਇਕ ਗ਼ੈਰ ਆਵਾਜ਼ ਸੁਣਾਈ ਦਿਤੀ ਇਹ ਦੂਜੀ ਵਾਰ ਸੀ ਜਦੋਂ ਮੈਨੂੰ ਇਸ ਪ੍ਰਕਾਰ ਦਾ ਕਲਪਿਤ ਅਹਿਸਾਸ ਹੋਇਆ, ਤਿੰਨ ਮਹਾਂ ਪੁਰਸ਼ਾਂ ਦੀ ਸਾਂਝੀ ਆਵਾਜ਼ ਸੀ, (ਭਾਈ ਗੁਰਦਾਸ ਜੀ, ਗੁਰੂ ਅਰਜਨ ਦੇਵ ਅਤੇ ਸਾਈਂ ਮੀਆਂ ਮੀਰ) ਉਹ ਬੋਲੇ ਸਨ, 'ਕਲਮਕਾਰ ਬੇਟਾ, ਉਦਾਸ ਨਾ ਹੋ, ਅਸੀਂ ਜਿਸ ਏਕਤਾ ਦੇ ਮੰਦਰ ਦੀ ਨੀਂਹ ਰੱਖੀ ਸੀ, ਉਹ ਸਦਾ ਕਾਇਮ ਹੈ। ਇਸ ਨੂੰ ਦੁਨਿਆਵੀ ਸ਼ਕਤੀਆਂ ਤੋੜ ਭਾਵੇਂ ਲੈਣ, ਪਰ ਇਸ ਮੰਦਰ ਦੀ ਰੂਹ ਸਦੀਵੀ ਹੈ। ਇਸ ਦਾ ਸੰਦੇਸ਼ ਸਦੀਵੀ ਹੈ। ਮਨ ਨੂੰ ਪੱਕਾ ਰੱਖੋ। ਵਿਤ ਮੂਜਬ ਕਲਮ ਨਾਲ ਹੀ ਸੇਵਾ ਜਾਰੀ ਰੱਖੋ। ਇਸ ਵਿਚੋਂ ਹੀ ਤੁਹਾਨੂੰ ਹਰਿਮੰਦਰ ਨਜ਼ਰ ਆਵੇਗਾ।'

# ਦਿੱਲੀ ਦੀਆਂ ਗਲੀਆਂ, ਧੂੜ ਤੇ ਮਹਿਕ

ਇਸ ਮਹਾਂ ਨਗਰ ਨਾਲ ਮੇਰਾ ਪਹਿਲਾ ਪਰਿਚਯ 1948 ਦੇ ਆਰੰਭ ਜਾਂ 1947 ਦੇ ਅੰਤਲੇ ਦਿਨਾਂ ਤੋਂ ਪ੍ਰਾਰੰਭ ਹੁੰਦਾ ਹੈ। ਫਿਰ ਇਸ ਇਤਿਹਾਸਕ ਨਗਰ ਨਾਲੋਂ ਮੈਂ ਕਦੀ ਨਹੀਂ ਟੁੱਟਾ। ਹੁਣ ਮੈਨੂੰ ਇਥੋਂ ਪਰਤਦਿਆਂ 22 ਵਰ੍ਹੇ ਹੋ ਗਏ ਨੇ ਪਰ ਅੱਜ ਵੀ ਜਦੋਂ ਮੈਂ ਪੰਜਾਬ ਦੇ ਕਿਸੇ ਸ਼ਹਿਰ ਵਿਚ ਹੋਵਾਂ ਤਾਂ ਘਟਦੇ ਚੰਨ ਦੀਆਂ ਪ੍ਰਭਾਤਾਂ ਵੇਲੇ ਆਕਾਸ਼ 'ਤੇ ਚੰਨ ਦੀ ਕਾਤਰ ਵੇਖ ਕੇ ਮੈਨੂੰ ਖਵਾਜਾ ਕੁਤਬਦੀਨ ਬਖ਼ਤਯਾਰ ਕਾਕੀ ਦੇ ਮਜ਼ਾਰ ਤੋਂ ਉਦੈ ਹੁੰਦੀ ਸੁਬਾ ਦੀ ਨਮਾਜ਼ ਦੀ ਆਜ਼ਾਨ ਦਾ ਚੇਤਾ ਆ ਜਾਂਦਾ ਹੈ ਜੋ ਮੈਂ ਬਚਪਨ ਵਿਚ ਮਹਿਰੌਲੀ ਬਿਤਾਏ ਦਿਨਾਂ ਸਮੇਂ ਸੁਣਿਆ ਕਰਦਾ ਸਾਂ। ਬਚਪਨ ਦੀਆਂ ਦੋ ਹੀ ਸੰਗੀਤਕ ਸਵਰਾਂ ਮੇਰਾ ਰੂਹਾਨੀ ਖ਼ਜ਼ਾਨਾ ਹਨ ਜੋ ਮੇਰੇ ਸੰਸਕਾਰਾਂ ਵਿਚ ਸਦੀਵੀ ਤੌਰ 'ਤੇ ਅੰਕਿਤ ਹੋ ਗਈਆਂ ਹਨ-ਇਕ ਤਾਂ ਦਰਬਾਰ ਸਾਹਿਬ ਦੀ ਪ੍ਰਕਰਮਾ ਨੇੜੇ ਸਥਿਤ ਘਰ ਵਿਚ ਸੁਣਿਆ ਗੁਰਬਾਣੀ ਸੰਗੀਤ ਜਾਂ ਖਵਾਜਾ ਕੁਤਬਦੀਨ ਬਖ਼ਤਯਾਰ ਕਾਕੀ ਦੇ ਮਜ਼ਾਰ ਤੋਂ ਸੁਣੀ ਆਜ਼ਾਨ ਦੀਆਂ ਹਿਰਦੇ-ਵੇਧਕ ਹੂਕਾਂ।

ਬਚਪਨ ਦੇ ਇਸ ਸੰਖੇਪ ਅਰਸੇ ਵਿਚ ਮੈਂ, ਕੁਤਬ ਦੀ ਲਾਠ ਪਿੱਛੇ ਬਣੇ ਪਠਾਣੀ ਸੁਲਤਾਨਾਂ ਤੇ ਬੇਗ਼ਮਾਂ ਦੇ ਮਕਬਰਿਆਂ ਵਿਚ ਘੁੰਮਿਆ ਕਰਦਾ ਸਾਂ-ਇਨ੍ਹਾਂ ਉਤੇ ਸਦੀਆਂ ਤੋਂ ਵਰ੍ਹਦਾ ਮੀਂਹ ਇਨ੍ਹਾਂ ਦੇ ਗੁੰਬਦਾਂ ਨੂੰ ਧੁਆਂਖਿਆ ਜਾਂ ਸਲੋਨਾ ਬਣਾ ਚੁੱਕਾ ਹੈ ਪਰ ਪਤਾ ਨਹੀਂ ਇਨ੍ਹਾਂ ਵਿਚ ਕੀ ਹੈ, ਜਦ ਵੀ ਮੈਂ ਦਿੱਲੀ ਆਉਂਦਾ ਹਾਂ ਤਾਂ ਕੁਤਬ ਦੇ ਬਾਗ਼ ਦੇ ਪਿਛਵਾੜੇ ਦੀ ਇਸ ਉਜਾੜ ਵਿਚ ਘੁੰਮਣ ਨੂੰ ਜੀ ਕਰਦਾ ਹੈ। ਇਹ ਮਕਬਰੇ ਮੈਨੂੰ ਆਵਾਜ਼ਾਂ ਮਾਰਦੇ ਹਨ, ਜਿਵੇਂ ਬਾਬਾ ਫਰੀਦ ਕਹਿ ਰਿਹਾ ਹੋਵੇ :

"ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥"

ਇਨ੍ਹਾਂ ਨੂੰ ਵੇਖ ਕੇ ਮੇਰਾ ਦਿਲ ਕਰਦਾ ਹੈ ਕਿ ਮੈਂ ਇਹੀ ਵਸੀਅਤ ਕਰ ਜਾਵਾਂ, 'ਮੇਰੇ ਬੱਚਿਓ ! ਮੇਰੀ ਦੇਹ ਨੂੰ ਸਾੜਿਓ ਨਾ, ਕਿਤੇ ਜੇ ਦੋ ਗਜ਼ ਜ਼ਮੀਨ ਮਿਲ ਜਾਵੇ ਤਾਂ

ਇਕ ਮਕਬਰਾ ਅਰਥਾਤ ਯਾਦ ਬਣਾ ਕੇ ਮੈਨੂੰ ਮਿੱਟੀ ਵਿਚ ਹੀ ਦੱਬ ਦੇਣਾ। ਸੜ ਕੇ ਇਸ ਦੇਹ ਨੇ ਕਿਸੇ ਨੂੰ ਕੀ ਦੇਣਾ ਹੈ। ਜੇ ਮਕਬਰਾਂ ਜਾਂ ਯਾਦ ਬਣੀ ਹੋਵੇ ਤਾਂ ਨਵੀਂ ਪੀੜ੍ਹੀ ਨੂੰ ਯਾਦ ਰਹੇਗਾ ਕਿ ਇਥੇ ਇਕ ਸਿਰੜੀ ਲੇਖਕ ਦੀਆਂ ਅਸਥੀਆਂ ਪਈਆਂ ਹਨ ਜੋ ਸਾਰੀ ਜ਼ਿੰਦਗੀ ਮਾਂ-ਬੋਲੀ ਦੇ ਸਨਮਾਨ ਲਈ ਸਹਿਕਦਾ ਰਿਹਾ। ਉਸ ਨੇ ਕਿਸੇ ਹਾਕਮ ਅੱਗੇ ਸਿਰ ਨਹੀਂ ਨਿਵਾਇਆ। ਗੁਰੂ ਦੀ ਕ੍ਰਿਪਾ ਸਦਕਾ ਸਾਰੀ ਜ਼ਿੰਦਗੀ ਜੂਝਦਾ ਰਿਹਾ। ਕਲਮ ਉਸ ਦੀ ਦੋਸਤ ਸੀ ਅਤੇ ਕਿਤਾਬਾਂ ਉਸ ਦੀ ਵਿਰਾਸਤ।

ਦਿੱਲੀ ਦੀਆਂ ਗਲੀਆਂ ਦੀ ਇਹ ਮਹਿਕ ਮੇਰੇ ਰੋਮ ਰੋਮ ਵਿਚ ਧੱਸ ਗਈ ਹੈ। ਯੁਵਾ ਅਵਸਥਾ ਵਿਚ ਇਕ ਚੰਗੀ ਥਾਂ 'ਤੇ ਲੈਕਚਰਰ ਲੱਗੇ ਹੋਣ ਦੇ ਬਾਵਜੂਦ ਇਥੋਂ ਦੀਆਂ ਗਲੀਆਂ ਨੇ ਮੈਨੂੰ ਆਵਾਜ਼ ਮਾਰ ਕੇ ਬੁਲਾ ਲਿਆ-ਪੂਰੇ 9 ਸਾਲ ਮੈਂ ਇਥੇ ਸੜਕਾਂ ਉਤੇ ਸਾਈਕਲ ਦੇ ਪੈਡਲ ਘੁੰਮਾਉਂਦਾ ਉਡਦਾ ਫਿਰਦਾ ਸਾਂ। ਮੇਰੇ ਲਈ ਇਹ ਕੇਵਲ ਇਕ ਮਹਾਂ ਨਗਰ ਨਹੀਂ, ਸਗੋਂ ਜ਼ਿੰਦਗੀ ਦੀ ਇਕ ਵਿਸ਼ਾਲ ਯੂਨੀਵਰਸਿਟੀ ਸਾਬਤ ਹੋਇਆ ਹੈ। ਪਹਿਲਾਂ ਟੀ-ਹਾਊਸ ਅਤੇ ਫਿਰ ਨਵੇਂ ਬਣੇ ਕਾਫੀ ਹਾਊਸ ਵਿਚ ਅਸੀਂ ਜਦੋਂ ਮੇਜ਼ਾਂ ਦੁਆਲੇ ਜੁੜ ਬੈਠਦੇ ਤਾਂ ਗੁਰਦਾਸਪੁਰੀ ਦੀਆਂ ਅਮੁੱਕ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ-ਉਪਾਸ਼ਕ ਵੀ ਇਕ ਲੀਜੈਂਡ ਸੀ-ਤਾਰਾ ਸਿੰਘ ਸਕੂਲ ਦੀਆਂ ਜਮਾਤਾਂ ਤਾਂ ਘੱਟ ਹੀ ਪੜ੍ਹਿਆ ਹੈ ਪਰ ਉਸ ਦੀ Wit ਤੇ Wisdom (ਗਿਆਨ ਤੇ ਕਟਾਖਸ਼) ਤੋਂ ਬੜੇ ਬੜੇ ਖੱਬੀ ਖਾਂ-ਤ੍ਰਬਕਦੇ ਸਨ। ਸੁਰਜਨ ਸਿੰਘ ਫ਼ਰਿਆਦੀ ਦੀ ਬੌਧਿਕ ਕਵਿਤਾ ਸਰੋਤਿਆਂ ਨੂੰ ਕੀਲ ਲੈਂਦੀ। ਸਤਿੰਦਰ ਸਿੰਘ, ਗੁਲਜ਼ਾਰ ਸੰਧੂ ਤੇ ਰਾਜ ਗਿੱਲ ਦੀ ਅੰਗਰੇਜ਼ੀ ਪੱਤਰਕਾਰੀ ਸਾਨੂੰ ਬਹੁਤ ਪ੍ਰਭਾਵਤ ਕਰਦੀ। ਕਿਸੇ ਕਾਫੀ ਹਾਊਸ ਵਿਚ ਕਿਤੇ ਅਸ਼ੋਕ ਮਹਿਤਾ ਦੇ ਦਰਸ਼ਨ ਹੁੰਦੇ, ਕਦੀ ਸ. ਕਪੂਰ ਸਿੰਘ ਬੈਠਾ ਗਿਆਨ-ਗੋਸ਼ਟ ਕਰਦਾ ਨਜ਼ਰ ਆਉਂਦਾ। ਇਕ ਵਾਰ ਰਾਮ ਮਨੋਹਰ ਲੋਹੀਆ ਨੇ ਸਾਨੂੰ ਵਿਸ਼ੇਸ਼ ਤੌਰ 'ਤੇ ਇਕ ਸ਼ਾਮ ਦੀ ਚਾਹ 'ਤੇ ਬੁਲਾਇਆ ਸੀ। ਇਹ ਕਾਫੀ ਹਾਊਸ ਮਹਿਮੂਦ ਹਾਸ਼ਮੀ, ਮੁਦ੍ਰਾ ਰਾਖਸ਼ਸ, ਦੇਵਿੰਦਰ ਸਤਿਆਰਥੀ, ਜਗਦੀਸ਼ ਚਤੁਰਵੇਦੀ, ਗੁਲਜ਼ਾਰ, ਸਵਰਨ, ਅਮਰ ਸਿੰਘ (ਕਬਰ ਪੁੱਟ), ਬੂਟਾ ਸਿੰਘ ਤੇ ਵਿਰਦੀ ਦੇ ਕਹਿਕਿਆਂ ਨਾਲ ਖਿੜ ਜਾਂਦਾ। ਝੇਪੂ ਜਾਂ ਸ਼ਰਮਾਕਲ ਕਿਸਮ ਦਾ ਆਦਮੀ ਇਥੇ ਨਹੀਂ ਸੀ ਬੈਠ ਸਕਦਾ। ਇਸ ਲਈ ਬਾਵਾ

ਬਲਵੰਤ ਆਮ ਤੌਰ 'ਤੇ ਘੱਟ ਹੀ ਆਉਂਦਾ, ਜੇ ਆ ਵੀ ਜਾਂਦਾ ਤਾਂ ਕਿਸੇ ਚੁੱਪ-ਰਹਿਣੇ ਬੰਦੇ ਨੂੰ ਲੈ ਕੇ ਕਿਸੇ ਪਾਸੇ ਸੈਰ ਨੂੰ ਨਿਕਲ ਜਾਂਦਾ। ਉਹ ਖੁਦ ਗਿਆਨ ਦਾ ਸੋਮਾ ਸੀ, ਉਸ ਦੀ ਸੰਗਤ ਵਿਚ ਸੰਗੀਤ ਸੀ, ਕਾਵਯ ਸੀ ਤੇ ਜ਼ਿੰਦਗੀ ਦੀ ਅਮੀਰੀ। ਉਹ ਆਖਰੀ ਦਮ ਤਕ ਦਿੱਲੀ ਹੀ ਰਿਹਾ ਅਤੇ ਅੰਤ ਇਸ ਦੀਆਂ ਸੜਕਾਂ 'ਤੇ ਹੀ ਸਨ ਸਟਰੋਕ ਨਾਲ ਚਲ ਵਸਿਆ। ਇਥੇ ਹੀ ਹੁਸੈਨ ਵਰਗਾ ਮਹਾਨ ਚਿੱਤਰਕਾਰ ਵੀ ਦਿਸ ਪੈਂਦਾ। ਜਾਪਦਾ ਸੀ ਸਾਰੀ ਦੁਨੀਆਂ, ਇਥੇ ਹੀ ਆ ਵਸੀ ਹੈ-ਫਿਰ ਵੀ ਇਕ ਵਿਸ਼ਾਲ ਜਗਤ ਦਿੱਲੀ ਦੇ ਬਾਹਰ ਰਹਿੰਦਾ ਹੈ ਪਰ ਭਾਰਤ ਦੇ ਹਰ ਕੋਨੇ ਦਾ ਪ੍ਰਤੀਨਿਧ ਇਥੇ ਬੈਠਾ ਮਿਲਦਾ।

ਸ਼ਾਮ ਉਤਰਦੀ ਤਾਂ ਵਿਰਦੀ ਮੇਰੀਆਂ ਅੱਖਾਂ ਵਿਚ ਤੱਕਦਾ, ਮੈਂ ਅੱਖਾਂ ਨਾਲ ਹੀ ਕਹਿੰਦਾ, 'ਠੀਕ ਹੈ !' ਇਕ ਚੁੱਪ ਕੀਤਾ ਪ੍ਰੋਗਰਾਮ ਬਣ ਜਾਂਦਾ, ਡਾ. ਅਜੀਤ, ਨਵਤੇਜ ਪੁਆਧੀ ਜਾਂ ਪੰਜਾਬੋਂ ਆਇਆ ਕੋਈ ਲੇਖਕ, ਅਸੀਂ ਸਾਰੇ ਜੰਤਰ-ਮੰਤਰ ਦੇ ਬਾਗ਼ ਵਿਚ ਉਦੋਂ ਪ੍ਰਵੇਸ਼ ਕਰਦੇ ਜਦੋਂ ਮਾਲੀ ਸਭ ਨੂੰ ਬਾਹਰ ਜਾਣ ਲਈ ਕਹਿ ਰਿਹਾ ਹੁੰਦਾ। ਕੋਈ ਪਿਆਰ-ਜੋੜਾ ਜਾਂ ਸਾਡੇ ਵਰਗੇ ਸੋਮ-ਰਸੀਏ ਫੁੱਲਾਂ ਦੀਆਂ ਝਾੜੀਆਂ ਉਹਲੇ ਬਹਿ ਜਾਂਦੇ। ਮਾਲੀ ਹੀ ਬਾਹਰੋਂ ਸਭ ਕੁਝ ਲਿਆ ਦਿੰਦਾ ਸੀ, ਜਾਂਦੀ ਵਾਰੀ ਲੋਕ ਉਸ ਨੂੰ ਟਿਪ ਦੇਂਦੇ, ਸਲਾਮ ਤੇ ਦੁਆਵਾਂ ਕਬੂਲ ਕਰਦੇ ਤੇ ਆਪੋ ਆਪਣੇ ਘਰੌਂਦਿਆਂ ਵੱਲ ਤੁਰ ਪੈਂਦੇ। ਰਾਤ ਦੇ 12 ਵਜੇ ਜਾਣ ਜਾਂ ਦੂਜੇ ਦਿਨ ਦਾ ਇਕ ਵਜੇ, ਮੈਂ ਲਾਲ ਕਿਲ੍ਹੇ ਦੇ ਵੀਰਾਨ ਜਿਹੇ ਕਲਕੱਤਾ ਗੇਟ ਦੇ ਘੁਰਨੇ ਵਰਗੇ ਮਘੋਰੇ ਵਿਚੋਂ ਹੀ ਸਾਈਕਲ 'ਤੇ ਤੇਜ਼ ਰਫ਼ਤਾਰ ਦੌੜਦਾ ਜਮਨਾ ਪੁਲ 'ਤੇ ਪੁੱਜ ਜਾਂਦਾ। ਇਥੇ ਹੀ ਮੇਰੀ ਸ਼ਾਦੀ ਹੋਈ ਸੀ, ਮੇਰੀ ਪਤਨੀ ਇਸ ਰਾਹ ਤੋਂ ਤਹਿੰਦੀ ਸੀ, ਮੈਂ ਕਿਹਾ ਕਰਦਾ ਸਾਂ, 'ਓਇ ਕਮਲੀਏ, ਮੇਰੇ ਹੁੰਦਿਆਂ ਤੈਨੂੰ ਕਾਹਦਾ ਡਰ ਐ ! ਜੇ ਕੋਈ ਚੋਰ-ਡਾਕੂ ਆ ਵੀ ਜਾਵੇ ਤਾਂ ਸਾਡੇ ਵਰਗੇ ਫ਼ਕੀਰਾਂ ਤੋਂ ਕੀ ਲੈ ਲਵੇਗਾ? ਮੌਤ ਤੋਂ ਡਰਨਾ ਕਾਇਰੀ ਹੈ।

-ਦਿਨ ਕਿਵੇਂ ਬਦਲ ਗਏ ਨੇ।

-ਅੱਜਕੱਲ੍ਹ ਤਾਂ ਅਸੀਂ ਪੰਜਾਬ ਵਿਚ 8 ਵਜੇ ਤੋਂ ਬਾਅਦ ਬੂਹੇ-ਕੁੰਡੇ ਮਾਰ ਕੇ ਘਰਾਂ ਵਿਚ ਬਹਿ ਜਾਂਦੇ ਹਾਂ। ਬਾਹਰੋਂ ਆਏ ਨੂੰ ਵੀ ਚਾਰ ਵਾਰ ਪੁੱਛਦੇ ਹਾਂ, "ਕੌਣ ਹੈ। ਬਈ।"

ਪਰ ਦਿੱਲੀ ਦੀਆਂ ਗਲੀਆਂ ਵਿਚ ਜ਼ਿੰਦਗੀ ਕਈ ਘੱਲੂਘਾਰਿਆਂ ਬਾਅਦ ਵੀ ਉਸੇ ਤਰ੍ਹਾਂ ਤੁਰੀ ਜਾ ਰਹੀ ਹੈ।

ਮੈਨੂੰ ਉਹ ਦਿਨ ਵੀ ਯਾਦ ਹਨ ਜਦੋਂ ਮੈਂ ਨਿਘਰਾ ਹੋਣ ਕਰਕੇ ਨਵਯੁਗ ਪ੍ਰੈੱਸ ਵਿਚ ਹੀ ਦਿਨ-ਰਾਤ ਰਿਹਾ ਕਰਦਾ ਸਾਂ-ਰਾਤ ਨੂੰ ਮਸ਼ੀਨਾਂ ਦੀ ਗੜਗੜਾਹਟ ਵਿਚ ਮੈਂ ਕਈ ਲੇਖ ਲਿਖੇ, ਇਥੇ ਹੀ ਮੇਰੇ ਪਾਸ ਕਦੀ ਪ੍ਰਿੰ. ਸੁਜਾਨ ਸਿੰਘ ਆ ਜਾਂਦਾ, ਕਦੀ ਜਸਵੰਤ ਸਿੰਘ ਕੰਵਲ ਜਾਂ ਕੋਈ ਹੋਰ ਸਕਾ ਸੰਬੰਧੀ-ਸਭ ਲਈ ਚਾਹ ਦੇ ਕੱਪ ਵਿਚੋਂ ਧੂੰਏਂ ਛੱਡਦੀ ਚਾਹ ਤਿਆਰ ਹੁੰਦੀ-ਮੇਰੇ ਨਾਲ ਗੱਪਾ ਮਾਰ ਕੇ ਉਹ ਆਪੋ ਆਪਣੇ ਰੈਣ-ਬਸੇਰਿਆਂ ਵਿਚ ਤੁਰ ਜਾਂਦੇ। ਰਹਿ ਜਾਂਦੇ ਗੁਰਬਚਨ ਸਿੰਘ ਤੇ ਮੈਂ। ਜ਼ਿੰਦਗੀ ਨਾਲ ਜੂਝ ਰਹੇ ਦੋ ਯੁਵਕ, ਅੱਜ ਉਹ ਇਕ ਵੱਡਾ ਪਬਲਿਸ਼ਰ ਹੈ, ਮੈਂ ਕੇਵਲ ਕਲਮ ਦੀਆਂ ਰੇਖਾਵਾਂ ਵਾਹ ਰਿਹਾ ਹਾਂ, ਜਾਂ ਨਵੀਂ ਪੀੜ੍ਹੀ ਨੂੰ ਸਾਹਿਤ ਪੜ੍ਹਾ ਕੇ ਆਪਣੇ ਸ਼ਾਹਜਹਾਨ ਹੋਣ ਦਾ ਭੁੱਸ ਪੂਰਾ ਕਰਦਾ ਹਾਂ।

ਇਥੇ ਜ਼ਿੰਦਗੀ ਪਹਿਲਾਂ ਨਾਲੋਂ ਵੀ ਗਹਿਮਾ-ਗਹਿਮ ਹੋ ਗਈ ਹੈ। ਕਿਸੇ ਪਾਸ ਕਿਸੇ ਲਈ ਵਕਤ ਨਹੀਂ। ਸਭ ਭੱਜੇ ਫਿਰਦੇ ਹਨ। ਜਿਵੇਂ ਸ਼ਹਿਰ ਵਿਚ ਭਾਜੜ ਪੈ ਗਈ ਹੋਵੇ। ਮੈਂ ਇਸ ਭੀੜ ਵਿਚੋਂ ਜੋਗਾ ਸਿੰਘ ਜਗਿਆਸੂ, ਬਾਗਬਾਂ, ਜੀਤ ਜਾਂ ਕਿਸੇ ਰਿਸ਼ਤੇਦਾਰ ਦਾ ਚਿਹਰਾ ਲੱਭਦਾ ਹਾਂ ਜਾਂ ਕਿਸੇ ਰੈਸਤੋਰਾਂ ਦੀ ਗੁਪਤ ਨੁੱਕਰ, ਜਿਥੇ ਬੈਠ ਕੇ ਕਿਸੇ ਮਹਿਰਮ ਨਾਲ ਦੋ ਘੜੀਆਂ ਸਾਂਝੀਆਂ ਕਰ ਸਕਾਂ।

ਨਗਰ ਦੇ ਇਸ ਮਸ਼ੀਨੀਕਰਣ ਦੇ ਬਾਵਜੂਦ ਇਥੇ ਅਜੇ ਵੀ ਹਮਾਯੂੰ ਦਾ ਮਕਬਰਾ ਹੈ, ਕੁਤਬ ਦਾ ਬਾਗ਼ ਹੈ ਘੋੜਾ ਪਾਰਕ ਹੈ, ਕੁਦਸੀਆ ਬਾਗ਼ ਹੈ, ਜਿਥੇ ਮੈਂ ਕਦੀ ਬਾਵਾ ਬਲਵੰਤ ਨਾਲ ਘੁੰਮਿਆ ਕਰਦਾ ਸਾਂ। ਦਿੱਲੀ ਗੇਟ ਤੋਂ ਪਾਰ ਤੁਗਲਕਾਂ ਦੇ ਖੰਡਰ ਹਨ, ਪੁਰਾਣੇ ਕਿਲ੍ਹੇ ਵਿਚੋਂ ਮੈਂ ਅੱਜ ਵੀ ਉਹ ਝਰੋਖਾ ਵੇਖਣ ਦੀ ਕੋਸ਼ਿਸ਼ ਕਰਦਾ ਹਾਂ, ਜਿਥੇ

ਦੀਨ-ਇ-ਇਲਾਹੀ ਦਾ ਸੰਚਾਲਕ ਬਾਦਸ਼ਾਹ ਅਕਬਰ ਦਿੱਲੀ ਦੇ ਲੋਕਾਂ ਨੂੰ ਦਰਸ਼ਨ ਦਿਆ ਕਰਦਾ ਸੀ। ਸੀਸ ਗੰਜ ਉਤੇ ਲਹਿਰਾਂਦਾ ਨਿਸ਼ਾਨ ਸਾਹਿਬ ਮੈਨੂੰ ਆਵਾਜ਼ਾਂ ਮਾਰਦਾ ਹੈ, ਸਿਰਾਂ 'ਤੇ ਟੋਕਰੀਆਂ ਚੁੱਕੀ ਝੱਲੀਆਂ ਵਾਲੇ ਕਿਸੇ ਵਪਾਰੀ ਨੂੰ ਉਡੀਕ ਰਹੇ ਹਨ-ਕੱਲ੍ਹ ਦੇ ਸ਼ਹਿਨਸ਼ਾਹ ਪਟੜੀਆਂ 'ਤੇ ਬੈਠੇ ਜ਼ਿੰਦਗੀ ਨੂੰ ਚੁਣੌਤੀ ਦੇ ਰਹੇ ਹਨ।

ਕੌਣ ਜਾਣੇ ਇਸ ਦਿੱਲੀ ਦੇ ਦਿਲ ਨੂੰ, ਮੈਂ ਤਾਂ ਕੇਵਲ ਖ਼ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੀ ਸੂਬਾ ਦੀ ਆਜ਼ਾਨ ਨੂੰ ਹੀ ਸੁਣ ਰਿਹਾ ਹਾਂ।

# ਸ਼ਹੀਦ

ਬੱਸ ਵਿਚ ਬੈਠਾ ਮੈਂ ਕੋਈ ਪਤ੍ਰਿਕਾ ਪੜ੍ਹ ਰਿਹਾ ਸਾਂ, ਸ਼ਹੀਦ ਭਗਤ ਸਿੰਘ ਦਾ ਜੀਵਨ। ਹਰ ਪੰਨੇ ਤੋਂ ਬਾਅਦ ਮੇਰੀਆਂ ਅੱਖਾਂ ਡੁਬ ਡੁਬਾ ਜਾਂਦੀਆਂ। ਹੰਝੂਆਂ ਦਾ ਉਬਾਲ ਸ਼ਬਦਾਂ ਨੂੰ ਧੁੰਧਲੇ ਬਣਾ ਰਿਹਾ ਸੀ, ਭੁੱਬਾਂ ਮਾਰ ਕੇ ਰੋਣ ਨੂੰ ਜੀ ਕੀਤਾ। ਬਾਕੀ ਮੁਸਾਫ਼ਰਾਂ ਤੋਂ ਝਕਦਿਆਂ ਮੂੰਹ ਅਗੇ ਰੁਮਾਲ ਰਖ ਕੇ ਇਸ ਉਬਾਲ ਨੂੰ ਰੋਕਿਆ। ਐਨਕਾਂ ਸਾਫ਼ ਕਰਨ ਦੇ ਬਹਾਨੇ ਅੱਖਾਂ ਪੂੰਝੀਆਂ।

'ਰੋਂਦੇ ਕਿਉਂ ਹੋ ? ਕੋਈ ਸੱਕਾ ਗੁਜ਼ਰ ਗਿਆ ਜੇ ?' ਕੋਲ ਬੈਠੇ ਬਜ਼ੁਰਗ ਨੇ ਹਮਦਰਦੀ ਨਾਲ ਪੁੱਛਿਆ।

'ਹਾਂ, ਬਾਬਾ ਜੀ, ਮੇਰਾ ਦੇਸ਼ ਗੁਜ਼ਰ ਗਿਆ।' ਮੈਂ ਪਤਾ ਨਹੀਂ ਕਿਵੇਂ ਕਹਿ ਦਿੱਤਾ ਤੇ ਪਰਚਾ (ਜਿਸ ਵਿਚ ਭਗਤ ਸਿੰਘ ਦੀ ਫੋਟੋ ਸੀ) ਉਸ ਦੇ ਅੱਗੇ ਕਰ ਦਿੱਤਾ।

ਉਹ ਵੀ ਉਦਾਸ ਹੋ ਗਿਆ, ਹਾਂ ਕਾਕਾ, ਦੇਸ਼ ਸੱਚ ਮੁੱਚ ਹੀ ਗੁਜ਼ਰ ਗਿਆ ਏ।'

ਅੱਜ ਮੈਨੂੰ ਸਭੇ ਸ਼ਹੀਦ ਯਾਦ ਆ ਰਹੇ ਨੇ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮੇਰੇ ਰੌਂਗਟੇ ਖੜੇ ਕਰ ਦੇਂਦੀ ਹੈ। ਤੱਤੀ ਤੱਵੀ ਤੇ ਉਬਲਦੀਆਂ ਦੇਗਾਂ-ਧੰਨ ਹੈਂ ਬਾਬਿਆ! ਤੂੰ ਸਾਡੇ ਵਿਚ ਆਪਣੀ ਰੂਹ-ਪ੍ਰਵੇਸ਼ ਦਾ ਦਾਨ ਦੇ।

ਈਸਾ ਦੀ ਸਲੀਬ ਵਿਚ ਸਾਰਾ ਸੰਸਾਰ ਸੂਲੀ ਤੇ ਚੜ੍ਹਿਆ ਜਾਪਿਆ।

ਇਕ ਵਾਰ ਪੱਟੀ ਰਹਿੰਦਿਆਂ ਸੋਹਨ ਲਾਲ ਪਾਠਕ ਦੇ ਬੁੱਤ ਕੋਲ ਦੀ ਲੰਘਿਆ, ਆਲੇ ਦੁਆਲੇ ਦੀ ਗਰਾਊਂਡ ਵਿਚ ਪਸ਼ੂਆਂ ਨੇ ਗੰਦ ਪਾਇਆ ਹੋਇਆ ਸੀ। ਉਸ ਰਾਤ ਸਭ ਤੋਂ ਚੋਰੀ ਆ ਕੇ ਮੈਂ ਉਸ ਬੁੱਤ ਨੂੰ ਨਮਸਕਾਰ ਕੀਤੀ ਤੇ ਆਲੇ ਦੁਆਲਿਓਂ ਗੰਦ ਨੂੰ ਯਥਾਯੋਗ ਸਾਫ਼ ਕਰਨ ਦਾ ਯਤਨ ਕੀਤਾ।

ਸ਼ਹੀਦ ਦੀ ਕਥਾ ਮੈਥੋਂ ਪੜ੍ਹੀ ਨਹੀਂ ਜਾਂਦੀ, ਰੋ ਪੈਂਦਾ ਹਾਂ। ਇਹ ਵੀ ਮੇਰੀ ਬੁਜ਼ਦਿਲੀ ਹੀ ਤਾਂ ਹੈ-ਦੇਸ਼ ਨੂੰ ਹੁਣ ਵੀ ਉਨ੍ਹਾਂ ਸ਼ਹੀਦਾਂ ਦੀ ਲੋੜ ਹੈ, ਮੈਂ ਕੇਵਲ ਚਾਰ ਹੰਝੂ ਵਹਾ ਕੇ ਬੱਸ ਕਰ ਦੇਂਦਾ ਹਾਂ।

ਜਿਸ ਦਿਨ ਭਗਤ ਸਿੰਘ ਦੀ ਸਮਾਧ ਨੂੰ ਦੋਹਾਂ ਪਾਸਿਆਂ ਦੇ ਜਵਾਨਾਂ ਨੇ ਗੋਲੀਆਂ ਨਾਲ ਵਿੰਨ੍ਹਿਆ ਸੀ, ਉਸ ਦਿਨ ਮੈਂ ਸਭ ਤੋਂ ਵੱਧ ਉਦਾਸ ਸਾਂ। ਸਾਰਾ ਮਾਨਵ-ਪ੍ਰੇਮੀ ਦੇਸ਼ ਉਦਾਸ ਸੀ। "ਇਸ ਉਦਾਸੀ ਵਿਚੋਂ ਹੋਰ ਸ਼ਹੀਦ ਪੈਦਾ ਹੋਣਗੇ।"

# ਸਹਿਮ ਤੇ ਸੰਤਾਪ

ਮਨ ਕਈ ਵਾਰ, ਕਿਸੇ ਅਗਿਆਤ ਸਹਿਮ ਹੇਠਾਂ ਦਬਿਆ ਰਹਿੰਦੈ,ਇੰਜ ਜਾਪਦੈ ਜਿਵੇਂ ਕੋਈ ਬੁਰੀ ਘਟਨਾ ਵਾਪਰਨ ਵਾਲੀ ਹੈ। ਭਾਵੇਂ ਉਹ ਘਟਨਾ ਵਰ੍ਹਿਆਂ ਜਾਂ ਮਹੀਨਿਆਂ ਤਕ ਨਾ ਵਾਪਰੇ ਪਰ ਮਨ ਹੈ, ਆਪਣੇ ਵਸ ਨਹੀਂ, ਸਹਿਮ ਇਸ ਨੂੰ ਘੇਰੀ ਰੱਖਦਾ ਹੈ। ਜਦੋਂ ਬਹੁਤ ਖੁਸ਼ੀਆਂ ਮਿਲ ਰਹੀਆਂ ਹੋਣ ਤਾਂ ਵੀ ਇਹ ਆਭਾਸ ਰਹਿੰਦਾ ਹੈ ਕਿ ਇਹਨਾਂ ਵਿਚ ਹੀ ਕੋਈ ਗ਼ਮ ਦੀ ਬੱਦਲੀ ਸਾਨੂੰ ਲਪੇਟ ਲਵੇਗੀ। ਕਈ ਵਾਰ ਜ਼ਰਾ ਜਿਹੀ ਆਹਟ ਨਾਲ ਮਨ ਡਰ ਜਾਂਦੈ, ਖਬਰੇ ਕੌਣ ਹੈ? ਜਦੋਂ ਮਨ ਅਜਿਹੀ ਅਵਸਥਾ ਵਿਚ ਹੋਵੇ ਤਾਂ ਬੂਹੇ ਦੇ ਖੜਕਣ ਨਾਲ ਹੀ ਮਨ ਦੇ ਦਵਾਰ ਹਿਲ ਜਾਂਦੇ ਨੇ। ਸਹਿਮ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ। 20-22 ਸਾਲ ਦੀ ਗੱਲ ਹੈ ਮੈਂ ਇਕ ਵੀਰਾਨ ਜਿਹੇ ਘਰ ਵਿਚ ਇਕੱਲਾ ਰਹਿੰਦਾ ਸਾਂ, ਇਹ ਬਿਲਡਿੰਗ ਕਿਸੇ ਰਿਆਸਤੀ ਰਾਜੇ ਨੇ ਜੰਗਲ ਦੇ ਐਨ ਵਿਚਕਾਰ ਬਣਾਈ ਸੀ, ਆਲੇ ਦੁਆਲੇ ਛੋਟੀ ਜਿਹੀ ਬਗ਼ੀਚੀ ਵਿਚ ਮੋਤੀਆਂ, ਨਰਗਸ ਤੇ ਰਾਤ ਦੀ ਰਾਣੀ ਦੇ ਹੀ ਫੁੱਲ ਹੁੰਦੇ ਸਨ-ਦਿਨ ਰਾਤ ਭਿੰਨੀ-ਭਿੰਨੀ ਮਹਿਕ ਰਹਿੰਦੀ ਸੀ। ਰਾਤ ਨੂੰ ਹਵਾ ਇੰਨੀ ਤੇਜ਼ ਚਲਦੀ ਸੀ ਕਿ ਮੈਨੂੰ ਜਾਪਦਾ ਜਿਵੇਂ ਕੋਈ ਬੂਹਾ ਖੜਕਾ ਰਿਹਾ ਹੋਵੇ-ਇਸੇ ਇਮਾਰਤ ਵਿਚ ਰਾਜੇ ਦੀ ਸੈਸ਼ਨ ਕੋਰਟ ਵੀ ਲਗਦੀ ਸੀ। ਫਾਂਸੀ ਦੀ ਸਜ਼ਾ ਦੇ ਹੁਕਮ ਸੁਣਾਏ ਜਾਂਦੇ ਸਨ। ਖਬਰੇ ਕਿਹੜੀਆਂ ਰੂਹਾਂ ਬੂਹੇ ਖੜਕਾਂਦੀਆਂ ਸਨ। ਪਹਿਲਾਂ ਪਹਿਲ ਮੈਂ ਡਰਿਆ ਰਹਿੰਦਾ, ਪਰ ਫਿਰ ਮੈਂ ਅਜਿਹੇ ਖੜਕਾਰ ਤੇ ਬੂਹਾ ਖੋਲ੍ਹ ਦਿੰਦਾ ਤੇ ਟੇਬਲ ਲੈਂਪ ਨੂੰ ਬੈਟਰੀ ਵਾਂਗ ਫੜ ਕੇ ਕਹਿੰਦਾ, "ਆਓ ਬਈ, ਕੌਣ ਹੈ ?" ਪਰ ਉਹ ਤਾਂ ਕੇਵਲ ਸ਼ੂਕਾਂ ਮਾਰਦੀ ਹਵਾ ਹੁੰਦੀ ਸੀ, ਜੋ ਉਸ ਇਲਾਕੇ ਵਿਚ ਹਰ ਰਾਤ ਦਰਿਆ ਵਾਂਗ ਠਾਠਾਂ ਮਾਰਦੀ। ਇਥੇ ਹੀ ਮੇਰਾ ਇਕ ਮਸੇਰ ਭਰਾ ਮਿਲਣ ਆਇਆ ਸਾਰੀ ਰਾਤ ਡਰਦਾ ਰਿਹਾ। ਸਵੇਰੇ ਉਠ ਕੇ ਉਸ ਨੇ ਭੱਜਣ ਦੀ ਕੀਤੀ।

ਸਹਿਮ ਤੋਂ ਡਰ ਜਾਈਏ ਤਾਂ ਇਹ ਛਾਤੀ ਤੇ ਚੜ੍ਹ ਬਹਿੰਦੈ, ਜੇ ਡੱਟ ਜਾਈਏ ਤਾਂ ਭੱਜ ਖਲੋਂਦੈ। ਪਰ ਇਹ ਮਨੁੱਖ ਨੂੰ ਘੇਰੀ ਜ਼ਰੂਰ ਰੱਖਦਾ ਹੈ।

ਕਈ ਵਾਰ ਆਪਣੇ ਬਹੁਤ ਹੀ ਮਿੱਤਰ ਪਿਆਰੇ ਜਾਂ ਰਿਸ਼ਤੇਦਾਰ, ਜੋ ਗੁਜ਼ਰ ਜਾਂਦੇ ਹਨ, ਮੁੜ ਮੁੜ ਸੁਪਨਿਆਂ ਵਿਚ ਆਉਂਦੇ ਹਨ। ਆਮ ਆਦਮੀ ਡਰ ਜਾਂਦੇ ਹਨ, ਡਰਨਾ ਕੁਦਰਤੀ ਹੈ, ਪਰ ਇਹ ਤਾਂ ਆਪਣਾ ਮੋਹ ਪਿਆਰ ਹੈ ਜੋ ਤੀਜੇ ਸੁੱਤੇ ਮਨ ਵਿਚ ਜਾਗ ਕੇ ਸ਼ਕਲਾਂ ਅਖਤਿਆਰ ਕਰ ਲੈਂਦਾ ਹੈ, ਮੈਂ ਤਾਂ ਹੁਣ ਅਜਿਹੇ ਸੁਪਨਿਆਂ ਨੂੰ ਸਹਿਕਦਾ ਰਹਿਨਾਂ, ਆਪਣਾ ਬੀਤ ਚੁੱਕਿਆ ਮੀਤ ਪਿਆਰਾ ਜੇ ਸੁਪਨੇ ਵਿਚ ਸਮਪ੍ਰਤੱਖ ਆ ਮਿਲੇ, ਤਾਂ ਹੋਰ ਕੀ ਚਾਹੀਦਾ ਏ !

ਸੰਤਾਪ (ਪਛਤਾਵਾ) ਵੀ ਬਹੁਤ ਵੱਡਾ ਸਹਿਮ ਬਣ ਜਾਂਦਾ ਹੈ। ਕਈ ਵਾਰੀ ਛੋਟੀ ਜਿਹੀ ਗ਼ਲਤੀ ਦਿਮਾਗ਼ ਉਤੇ ਸਵਾਰ ਹੋ ਜਾਂਦੀ ਹੈ, ਜਦ ਤਕ ਉਸ ਦੀ ਤਲਾਫ਼ੀ ਨਾ ਹੋ ਜਾਏ, ਇਹ ਅਣਵਰ੍ਹੇ ਬੱਦਲ ਵਾਂਗ ਪੱਕੀ ਫਸਲ ਉਤੇ ਮੰਡਲਾਂਦੀ ਰਹਿੰਦੀ ਹੈ। ਕਈ ਵਾਰ ਅਸੀਂ ਵੱਡੀਆਂ ਵੱਡੀਆਂ ਗ਼ਲਤੀਆਂ ਤੇ ਘੋਰ ਪਾਪ ਡਕਾਰ ਜਾਂਦੇ ਹਾਂ, ਅਚੇਤ ਮਨ ਉਹਨਾਂ ਤੋਂ ਮੁਕਤ ਨਹੀਂ ਹੋ ਸਕਦਾ ਪਰ ਸੁਚੇਤ, ਸੁੱਚੇ ਹੋਣ ਦਾ ਦੰਭ ਕਰਦਾ ਰਹਿੰਦਾ ਹੈ। ਨਿੱਕੀ ਜਿਹੀ ਭੁੱਲ ਕਈ ਵਾਰ ਵੱਡਾ ਸਹਿਮ ਬਣ ਜਾਂਦੀ ਹੈ। ਇਕ ਵਾਰ ਕਿਸੇ ਛਾਬੜੀ ਵਾਲੇ ਦੇ 55 ਪੈਸੇ ਮੇਰੇ ਵੱਲ ਵੱਧ ਆ ਗਏ, ਮੈਨੂੰ ਪਤਾ ਤਾਂ ਲਗ ਗਿਆ ਪਰ ਐਵੇਂ ਘੌਲ ਹੋ ਗਈ ਤੇ ਮੈ ਆਪਣੇ ਰਾਹ ਪੈ ਗਿਆ। ਪਰ ਉਹ 55 ਪੈਸੇ ਮੇਰੇ ਮਨ 'ਤੇ ਸਵਾਰ ਹੋ ਗਏ, ਇੰਜ ਜਾਪੇ ਉਹ ਗ਼ਰੀਬ ਮੇਰੀ ਧੌਣ ਮਰੋੜ ਦੇਵੇਗਾ। ਖਬਰੇ ਸਾਰੇ ਦਿਨ ਵਿਚ ਉਹਨੇ ਦੋ ਰੁਪਏ ਕਮਾਣੇ ਸਨ, ਮੈਂ ਇਹ ਕੀ ਕੀਤਾ ? ਸਾਰੀ ਰਾਤ ਸੋਚਦਾ ਰਿਹਾ। ਸਵੇਰੇ ਉਠ ਕੇ ਇਕ ਬਹੁਤ ਗਰੀਬੜੇ ਭਿਖਾਰੀ ਨੂੰ ਇਕ ਰੁਪਿਆ ਦਾਨ ਦੇ ਦਿੱਤਾ ਤਾਂ ਜੋ ਉਹ ਸੰਤਾਪੀ ਸਹਿਮ ਤੋਂ ਬਚ ਸਕਾਂ।

# ਝੀਲਾਂ-ਚਸ਼ਮੇ ਤੇ ਮਨੁੱਖ

ਉਸ ਦਿਨ ਬੜਾ ਅਲੌਕਿਕ ਦ੍ਰਿਸ਼ ਮਾਣਿਆ, ਮੈਂ ਕਈ ਦਿਨਾਂ ਤੋਂ ਨੈਣੀਤਾਲ ਦੀ ਹੁਸੀਨ ਵਾਦੀ ਵਿਚ ਰਹਿ ਰਿਹਾ ਸਾਂ, ਜਿਸ ਦੀ ਝੀਲ ਨੂੰ ਮਨੁੱਖੀ ਅੱਖ ਨਾਲ ਤਸ਼ਬੀਹ ਦੇ ਕੇ ਨੈਣੀਤਾਲ ਆਖਿਆ ਜਾਂਦਾ ਹੈ। ਰੋਜ਼ਾਨਾ ਬੇੜੀ ਦੀ ਸੈਰ ਤੇ ਆਸ ਪਾਸ ਚੜ੍ਹਾਈਆਂ, ਮੇਨ ਰੋਡ ਉਤੇ ਵਡੇ ਨਗਰਾਂ ਵਰਗੀ ਚਹਿਲ ਪਹਿਲ-ਜਾਂ ਸ਼ਾਮ ਨੂੰ ਸਾਥੀ ਲਭ ਕੇ ਸੰਖੇਪ ਜਿਹੀ ਮਹਿਫ਼ਲ ਲਗਾਉਣੀ ਇਹੋ ਰੁਝਾਣ ਸਨ। ਉਸ ਦਿਨ ਸੂਰਜ ਛਿਪ ਰਿਹਾ ਸੀ ਕਿ ਅਚਾਨਕ ਬੱਦਲ ਚੀਰ ਕੇ ਉਹ ਫਿਰ ਨਮੂਦਾਰ ਹੋ ਗਿਆ ਜਿਵੇਂ ਕਿਸੇ ਅਵਤਾਰ ਨੇ ਜਨਮ ਲਿਆ ਹੋਵੇ। ਝੀਲ ਦੇ ਲਹਿਰਾਂਦੇ ਪਾਣੀਆਂ ਤੇ ਇਕ ਲਾਲਿਮਾ ਫੈਲ ਗਈ-ਕੇਵਲ ਇਕ ਬੇੜੀ ਹੀ ਉਸ ਵੇਲੇ ਸਾਰੀ ਝੀਲ ਵਿਚ ਨਜ਼ਰ ਆ ਰਹੀ ਸੀ-ਇਸ ਦ੍ਰਿਸ਼ ਨੂੰ ਮੈਂ ਫੌਰਨ ਆਪਣੇ ਕੈਮਰੇ ਵਿਚ ਨਕਸ਼ਬੰਦ ਕਰ ਲਿਆ-ਤੇ ਨਾਲ ਹੀ ਮੈਨੂੰ ਯਾਦ ਆਇਆ ਕਿ ਪ੍ਰਕਾਸ਼ ਤੋਂ ਬਿਨਾਂ ਇਹ ਝੀਲ ਅਨ੍ਹੇਰੀ ਖੱਡ ਸਮਾਨ ਹੀ ਸੀ-ਬਨਾਵਟੀ ਬੱਤੀਆਂ ਜ਼ਰੂਰ ਜਗਦੀਆਂ ਹਨ, ਪਰ ਸੂਰਜ ਦੇ ਪ੍ਰਕਾਸ਼ ਸਾਹਵੇਂ ਇਹ ਸਭ ਮਾਤ ਹਨ ਜਿਵੇਂ ਮਹਾਂ ਗਿਆਨ ਦੇ ਪ੍ਰਕਾਸ਼ ਸਾਹਵੇਂ ਹੋਰ ਸਭ ਛੋਟੇ ਮੋਟੇ ਜੋਗ, ਧਿਆਨ ਤੇ ਕਥਨ ਮਧਮ ਪੈ ਜਾਂਦੇ ਹਨ।

'ਇਹ ਝੀਲਾਂ, ਇਹ ਚਸ਼ਮੇ ਸਾਡਾ ਆਪਣਾ ਮਨ ਹੀ ਹਨ ਪਰਮਾਰਥੀਆਂ ਨੇ ਵੀ ਕਿਹਾ ਹੈ : 'ਜੋ ਬ੍ਰਹਮੰਡਿ ਸੋਈ ਪਿੰਡੇ' ਸਾਡੇ ਕੁਲ ਆਕਾਰ ਵਿਚ ਕੁਦਰਤ ਦਾ ਕੋਈ ਨਾ ਕੋਈ ਅੰਗ ਸਮੋਇਆ ਹੋਇਆ ਹੈ। ਸਾਡੇ ਵਿਚ ਚੰਨ ਵਰਗੀ ਮਧੁਰ ਚਾਨਣੀ ਹੈ, ਸੂਰਜ ਵਰਗਾ ਬਲਦਾ ਤਪ, ਠੰਡੀਆਂ ਹਵਾਵਾਂ ਵਰਗਾ ਮੋਹ, ਦਰਿਆਵਾਂ ਤੇ ਸਮੁੰਦਰਾਂ ਵਰਗੀ ਵਿਸ਼ਾਲਤਾ, ਝੀਲਾਂ ਵਰਗੀ ਡੂੰਘਾਈ, ਚਸ਼ਮਿਆਂ ਵਰਗਾ ਲਾ-ਬਉਲਾਪਣ ਤੇ ਘਣੇ ਜੰਗਲਾਂ ਵਰਗੀ ਭਿਆਨਕ ਚੁੱਪ-ਪਹਾੜਾਂ ਦੀਆਂ ਸਿਖਰਾਂ ਤੋਂ ਵੀ ਉਚੇਰੀ ਵਿਚਾਰ-ਉਡਾਰੀ ! ਸਭ ਕੁਝ ਹੀ ਤਾਂ ਹੈ।

ਇਨ੍ਹਾਂ ਝੀਲਾਂ ਵਿਚੋਂ ਦਰਿਆ ਨਿਕਲਦੇ ਨੇ-ਵੈਰੀ ਨਾਗ ਦੇ ਚਸ਼ਮੇ ਤੋਂ ਜਿਹਲਮ ਦਰਿਆ ਸਰੂਪ ਧਾਰਦਾ ਮੈਂ ਅੱਖੀਂ ਵੇਖਿਆ ਤੇ ਵਿਸਮਾਦਿਤ ਹੋਇਆ ਹਾਂ। ਵੂਲਰ ਝੀਲ ਦੀ ਵੀਰਾਨਗੀ ਮੈਨੂੰ ਡਲ ਝੀਲ ਦੀ ਚਹਿਲ ਪਹਿਲ ਨਾਲੋਂ ਕਿਤੇ ਪਿਆਰੀ ਲੱਗੀ ਸੀ। 'ਰੇਣੁਕਾ'‡ ਝੀਲ ਦੀ ਉਹ ਰਾਤ ਮੈਂ ਕਦੀ ਨਹੀਂ ਭੁੱਲ ਸਕਦਾ ਜਦੋਂ ਨਰਸਿੰਘਿਆਂ ਦੀ ਘਨਘੋਰ ਵਿਚ ਹਜ਼ਾਰਾਂ ਸੰਤਾਂ, ਸੰਤਣੀਆਂ ਤੇ ਭਗਤਾਂ ਦਾ ਜਲੂਸ ਹੱਥਾਂ ਵਿਚ ਮਸ਼ਾਲਾਂ ਫੜੀ ਝੀਲ ਦੀ ਤਿੰਨ ਮੀਲ ਲੰਮੀ ਪ੍ਰਕਰਮਾ ਕਰ ਰਿਹਾ ਸੀ-ਕੁਦਰਤ ਨੇ ਬੇਅੰਤ ਲੀਲਾ ਰਚਾ ਰਖੀ ਹੈ, ਜਿਥੇ ਅਤਿ ਸ਼ੈਤਾਨ ਮਨੁੱਖ ਨਿਤ ਨਵੇਂ ਕੁਕਰਮ ਸੋਚ ਰਹੇ ਹਨ ਉਥੇ ਤਿੰਨ ਤਿੰਨ, ਚਾਰ ਚਾਰ ਘਰਾਂ ਤੋਂ ਬਣੇ ਪਹਾੜੀ ਪਿੰਡਾਂ ਦੇ ਇਹ ਲੋਕ ਕਿੰਨੇ ਸਾਦੇ, ਕਿੰਨੇ ਭੋਲੇ ਹਨ। ਹੁਸੀਨ ਨੂੰ ਹੁਸਨ ਦਾ ਨਾ ਪਤਾ ਹੋਣਾ ਵੀ ਇਕ ਸ਼ਿੰਗਾਰ ਹੈ। ਇਨ੍ਹਾਂ ਪਿੰਡਾਂ ਵਿਚ ਡਾਕ-ਹਰਕਾਰੇ ਦਾ ਆਉਣਾ ਅਜੇ ਵੀ ਇਕ ਵਡੀ ਘਟਨਾ ਹੈ ਸਮਝ ਨਹੀਂ ਆਉਂਦੀ ਵਰਤਮਾਨ ਅਚੰਭਿਤ ਵਿਕਾਸ ਦੀ ਦੁਨੀਆਂ ਵਲ ਟੁਰੀਏ ਜਾਂ ਇਨ੍ਹਾਂ ਸਿਧੇ ਸਾਦੇ ਲੋਕਾਂ ਵਿਚ ਜਾ ਵਸੀਏ! ਪਰ ਅੰਤ ਨੂੰ ਮਨੁੱਖ ਨੇ ਵਿਕਾਸ ਵਲ ਹੀ ਤੁਰਨਾ ਹੈ-ਇਹ ਵੀ ਤੁਰਨਗੇ, ਫਿਰ ਉਦਯੋਗੀ ਦੁਨੀਆਂ ਦਾ ਅਜ਼ਦਹਾ ਇਨ੍ਹਾਂ ਨੂੰ ਵੀ ਹੜੱਪ ਕਰ ਲਵੇਗਾ।

ਅਜ ਰਾਤ ਸਾਢੇ ਤਿੰਨ ਵਜੇ ਉਠ ਕੇ ਇਹ ਨਿਬੰਧ ਲਿਖਦਿਆਂ ਮੈਨੂੰ ਉਹ ਚਸ਼ਮੇ ਯਾਦ ਆ ਰਹੇ ਹਨ ਜੋ ਆਪ-ਮੁਹਾਰੇ ਫੁੱਟ ਪੈਂਦੇ ਨੇ ਤੇ ਸਦੀਆਂ ਤਕ ਵਗੀ ਤੁਰੀ ਜਾਂਦੇ ਨੇ। ਪਾਉਂਟਾ ਸਾਹਿਬ ਜਮਨਾ ਦੇ ਕਿਨਾਰੇ, ਜਿਥੇ ਗੁਰੂ ਗੋਬਿੰਦ ਸਿੰਘ ਬਿਰਾਜਮਾਨ ਹੁੰਦੇ ਸਨ, ਉਨ੍ਹਾਂ ਦੇ ਪੈਰਾਂ ਕੋਲ ਹੀ ਇਕ ਚਸ਼ਮਾ ਗਰਮ ਪਾਣੀ ਦਾ ਤੇ ਦੂਜਾ ਠੰਡੇ ਪਾਣੀ ਦਾ ਕਲਕਲਾਂਦੇ ਸਨ, ਜੋ ਮੈਂ 1956 ਵਿਚ ਆਪ ਵੇਖੇ ਹਨ। ਕੋਲ ਕੋਲ ਰਹਿੰਦੇ ਵੱਖ-ਵੱਖ ਪ੍ਰਕਿਰਤੀ ਵਾਲੇ ਚਸ਼ਮੇ ! ਬੰਦਿਆਂ ਵਰਗੇ ਹੀ ਹਨ। ਇਕ ਵੀਰ ਅੱਗ ਦੀ ਨਾਲ਼ ਹੁੰਦਾ ਹੈ ਤਾਂ ਦੂਜਾ ਸੰਘਣੇ ਬੋਹੜ ਦੀ ਛਾਂ ਬਣ ਜਾਂਦਾ ਹੈ।

ਇਸੇ ਲਈ ਮੈਂ ਮਨੁੱਖ ਨੂੰ ਸਜਦਾ ਕਰਦਾ ਹਾਂ ਜੋ ਸਾਰੀ ਪ੍ਰਕਿਰਤੀ ਨੂੰ ਆਪਣੇ ਵਿਚ ਸਮੋਈ ਬੈਠਾ ਹੈ।

---

‡ ਇਹ ਝੀਲ ਪੁਰਸ ਰਾਮ ਦੀ ਪਤਨੀ ਦੇ ਨਾਮ ਤੇ ਸਦੀਦੀ ਹੈ, ਦਦਾਹੂ ਨਗਰ ਦੇ ਲੋਕ ਅੱਜ ਦੇ 'ਦਾਦਾ ਆਉ" ਦੀ ਉਡੀਕ ਲਾਈ ਬੈਠੇ ਹਨ।

# ਪੱਛਮੀ ਪੌਣਾਂ ਦਾ ਸੰਗੀਤ

ਰਾਤ ਸੌਂ ਗਈ ਹੈ, ਮੈਂ ਜਾਗਦਾ ਹਾਂ।

ਸਿਆਲਾਂ ਦੀ ਇਸ ਚਾਨਣੀ ਰਾਤ ਦੀ ਸੁੰਦਰਤਾ ਰੋਸ਼ਨਦਾਨ ਵਿਚੋਂ ਝਲਕ ਰਹੀ ਹੈ।

ਹੁਣੇ ਹੁਣੇ ਮੈਂ ਇਕ ਨਾਵਲ ਖ਼ਤਮ ਕੀਤਾ ਹੈ, ਜਿਸ ਵਿਚ ਜੰਗ ਵਿਚ ਗਏ, ਨਾਇਕ ਦੀ ਪਤਨੀ ਨੂੰ ਪਿੰਡ ਵਾਲੇ ਕੋਝੇ ਜ਼ੁਲਮ ਦਾ ਸ਼ਿਕਾਰ ਬਣਾਉਂਦੇ ਹਨ। ਮੇਰਾ ਮਨ ਦ੍ਰਵ ਗਿਆ-ਨੀਂਦ ਅੱਖਾਂ ਤੋਂ ਕੰਨੀ ਕਤਰਾ ਰਹੀ ਹੈ-ਮਨ ਕਿਸੇ ਡਾਢੇ ਭੈ ਨਾਲ ਆਤੰਕਿਤ ਹੈ।

ਨਾਲ ਦੇ ਕਮਰੇ ਵਿਚ ਬੀਵੀ ਤੇ ਬੱਚੇ ਸੁੱਤੇ ਹਨ : ਬੇਫ਼ਿਕਰ, ਬੇਨਿਆਜ਼! ਕਿਉਂਕਿ ਮੈਂ ਜੰਗ ਵਿਚ ਨਹੀਂ ਗਿਆ।

ਰਾਤ ਦੇ ਜਾਦੂ ਨੇ ਸਾਗਰਾਂ ਦੇ ਮੂੰਗਾ ਬਾਗ਼ ਵੀ ਸਵਾ ਦਿਤੇ ਹਨ, ਪਰ ਮੈਂ ਨਵੀਂ ਵਿਕਰਾਲ ਸਭਿਅਤਾ ਦੇ ਮਹਾਂ-ਯੰਤਰਾਂ ਦੇ ਭੈ ਵਿਚ ਘਿਰ ਗਿਆ ਹਾਂ।

ਰਾਤ ਦਾ ਇਕ ਵਜੇ ਦਾ ਸਮਾਂ-ਇਸ ਤੋਂ ਬਾਅਦ ਭਿੰਨੀ ਰੈਨੜੀਏ ਦਾ ਰੰਗ ਬਝੇਗਾ, ਪਰ ਮੈਂ ਅਸ਼ਾਂਤ ਹਾਂ।

ਹਾਰ ਕੇ ਮੈਂ ਸਿਰਹਾਣੇ ਪਏ ਟ੍ਰਾਂਜਿਸਟਰ ਨੂੰ ਛੇੜ ਲਿਆ ਹੈ।

ਭਾਰਤ ਦੇ ਸਭੇ ਆਕਾਸ਼ ਚੁਪ ਹਨ। ਪੱਛਮੀ ਆਕਾਸ਼ਾਂ ਤੋਂ ਸੰਗੀਤ ਦੇ ਬੱਦਲ ਉਮਡ ਆਏ ਹਨ। ਅਨੇਕਾਂ ਵਾਇਲਨਾਂ ਗੂੰਜ ਉਠੀਆਂ ਹਨ, ਵਿਚ ਵਿਚ ਵਾਇਲਨਾਂ ਦੀ ਡੂੰਘੀ ਗੂੰਜ ਵੀ ਜਾਗਦੀ ਹੈ, ਕਲੈਰੋਨੈਟ ਦੀ ਸਦ ਵਿਚ ਸਾਰੰਗੀ ਵਰਗਾ ਦਰਦ ਹੈ-ਹੁਣੇ ਹੁਣੇ ਮੈਂ ਉਦਾਸ ਸਾਂ, ਸੰਗੀਤ ਨੇ ਮੇਰਾ ਸਾਰਾ ਆਪਾ ਮੱਲ ਲਿਆ ਹੈ।

ਫਿਰ ਪੱਛਮੀ ਸ਼ੋਖ ਸਾਜ਼ ਨੱਚ ਉਠੇ ਹਨ, ਮੇਰਾ ਮਨ ਸੂਫ਼ੀਆਂ ਵਾਂਗ ਮੌਲ ਉਠਿਆ ਹੈ। ਇੰਜ ਜਾਪਦਾ ਹੈ ਜਿਵੇਂ ਮੈਂ ਸਾਗਰ ਵਿਚ ਜਹਾਜ਼ ਦੇ ਡੈਕ ਉਤੇ ਖਲੋਤਾ ਹੋਵਾਂ ਤੇ ਸ਼ਾਮ ਦੇ ਖਾਣੇ ਦੇ ਸਮੇਂ ਦਾ ਸੰਗੀਤ ਨੱਚ ਉਠਿਆ ਹੋਵੇ।

ਪੱਛਮ ਦੇ ਸਿਰਜੇ ਜੰਗ ਨੇ ਮੈਨੂੰ ਬੇਚੈਨ ਕੀਤਾ ਸੀ-ਪੱਛਮ ਦੇ ਹੀ ਸੰਗੀਤ ਨੇ ਮੇਰੀ ਰੂਹ ਨੂੰ ਸੰਗੀਤ-ਵਿਭੋਰ ਕਰ ਦਿੱਤਾ ਹੈ।

ਹੁਣੇ ਕਿਸੇ ਹੋਰ ਆਕਾਸ਼ ਤੋਂ ਪੱਛਮ ਦਾ ਸੋਗੀ ਸੰਗੀਤ ਸ਼ੁਰੂ ਹੋ ਗਿਆ ਹੈ-ਇੰਜ ਜਾਪਦਾ ਹੈ ਜਿਵੇਂ ਗਿਰਜੇ ਨਾਲ ਲਗਵੇਂ ਕਬਰਸਤਾਨ ਵਿਚ, ਕਫ਼ਨ ਵਲ੍ਹੇਟਿਆ ਕੋਈ ਮਨੁੱਖ ਦਫ਼ਨਾਇਆ ਜਾ ਰਿਹਾ ਹੋਵੇ, ਗਿਰਜੇ ਦੇ ਘੰਟੇ ਗੂੰਜ ਉਠੇ ਹਨ।

ਇਸ ਸੰਗੀਤ ਦੀ ਮਾਦਕਤਾ ਵਿਚ, ਪਤਾ ਨਹੀਂ ਮੈਂ ਕਦੋਂ ਸੌਂ ਗਿਆ। ਸਵੇਰੇ ਫੁੱਲ ਵਰਗੇ ਤਾਜ਼ੇ ਮਨ ਨਾਲ ਉਠਿਆ ਹਾਂ।

ਪੌਣਾਂ ਤੇ ਸੰਗੀਤ ਨਾ ਪੱਛਮੀ ਹਨ ਨਾ ਪੂਰਬੀ ! ਮਨੁੱਖ ਦੇ ਇਹ ਸਦੀਵੀ ਯਾਰ ਤੇ ਮਹਿਰਮ ਹਨ।

ਆਓ, ਇਨ੍ਹਾਂ ਨੂੰ ਮੁਕਤ ਕਰੀਏ।

# ਰੁਪਏ ਦੀਆਂ ਚਾਰ ਪੌਲੀਆਂ

ਕੁਝ ਬਜ਼ੁਰਗ ਹੁੰਦੇ ਹਨ ਜੋ ਸਦਾ ਨਵੀਂ ਪੀੜ੍ਹੀ ਦੇ ਯਾਰ ਬਣ ਜਾਂਦੇ ਹਨ। ਉਨ੍ਹਾਂ ਵਿਚੋਂ ਮੇਰਾ ਇਕ ਪਿਆਰਾ ਦੋਸਤ ਵਰਿਆਮ ਅਸਰ ਦਾ ਬਾਪ ਤਾਂ ਚਲ ਵਸਿਆ ਹੈ ਪਰ ਜੋਗਾ ਸਿੰਘ ਜਗਿਆਸੂ ਦਾ 80 ਸਾਲਾ ਬਾਪੂ ਪੂਰੀ ਤਰ੍ਹਾਂ ਕਾਇਮ ਹੈ। ਜ਼ਿੰਦਗੀ ਦੇ ਨਸ਼ੇ ਨਾਲ ਭਰਪੂਰ ਇਹ ਮਹਾਂ-ਮਾਨਵ ਜਦ ਵੀ ਮੇਰੇ ਨਾਲ ਕਿਸੇ ਮਹਿਫ਼ਲ ਵਿਚ ਬੈਠਦਾ ਤਾਂ ਕਹਿੰਦਾ ਹੈ।

""ਰੁਪਏ ਦੀਆਂ ਚਾਰ ਪੌਲੀਆਂ ਕਿਹੜੀ ਗੱਲ ਤੋਂ ਫੜੀ ਦਿਲਗੀਰੀ ?" ਜਾਂ ਝੂਮ ਝੂਮ ਕੇ ਗਾਉਂਦਾ :

"ਉਤਲੇ ਦੀ ਸਿਫਤ ਕਰੋ, ਜਿਹੜਾ ਥੰਮ੍ਹੀਆਂ ਬਾਝ ਖਲੋਤਾ।"

ਜੋਗਾ ਸਿੰਘ ਤੇ ਮੈਂ ਬਾਪੂ ਦੇ ਇਹ ਬੋਲ ਸੁਣ ਕੇ ਮਕੱਈ ਦੇ ਫੁੱਲਿਆਂ ਵਾਂਗ ਖਿੜ ਉਠਦੇ, ਕਈ ਵਾਰ ਮੈਂ ਕਹਿੰਦਾ, "ਬਾਪੂ ਜੀ, ਹੁਣ ਤਾਂ ਰੁਪਏ ਦੇ ਸੌ ਪੈਸੇ ਹੋ ਗਏ, ਪੌਲੀਆਂ ਦਾ ਕੀ ਬਣੂੰ ?"

"ਓਇ ਪੁੱਤਰੋ" ਬਾਪੂ ਆਪਣਾ ਗਲਾਸ ਡੀਕ ਲਾ ਕੇ ਕਹਿੰਦਾ, "ਰੁਪਏ ਦੇ ਭਾਮੇ ਹਜ਼ਾਰ ਪੈਸੇ ਬਣਾ ਲਵੋ, ਪੌਲੀਆਂ ਚਾਰ ਹੀ ਰਹਿਣਗੀਆਂ। ਕਿਉਂ ਪੁੱਤ ਜੋਗਿਆ ! ਹੀਰ ਰਾਂਝੇ ਦੀ ਤੇ ਰਾਂਝਾ ਹੀਰ ਦਾ। ਮੈਂ ਤੇ ਤੂੰ ਕੌਣ ਆਂ? ਚੁੱਕ ਦੇ ਬੋਲ ਹੀਰ ਦੇ " ਹੀਰ ਦਾ ਪ੍ਰਬੀਨ ਗਾਇਕ, ਜੋਗਾ ਦਰਦ ਫ਼ਰਾਕ ਦੇ ਬੋਲ ਚੁੱਕ ਲੈਂਦਾ, ਫ਼ਿਜ਼ਾ ਵਿਚ ਸੰਗੀਤ ਦੀਆਂ ਲਹਿਰਾਂ ਨੱਚ ਉਠਦੀਆਂ ਤੇ ਬਾਪੂ ਅਤੀਤ ਦੇ ਝਰੋਖੇ ਵਿਚ ਜਾ ਖਲੋਂਦਾ।

ਮੈਨੂੰ ਇਹੋ ਜਿਹੇ ਬਜ਼ੁਰਗ ਚੰਗੇ ਲਗਦੇ ਨੇ। ਜ਼ਿੰਦਗੀ ਦੇ ਤੱਥ ਐਵੇਂ ਥੋੜ੍ਹੇ ਜਿਹੇ ਫਰਕ ਨਾਲ ਉੱਨੇ ਹੀ ਰਹਿੰਦੇ ਹਨ, ਬਹੁਤ ਘਟ ਤਬਦੀਲੀ ਹੋਂਦ ਵਿਚ ਆਉਂਦੀ ਹੈ। ਪੌਲੀਆਂ ਚਾਰ ਹੀ ਨੇ, ਪੈਸੇ ਭਾਵੇਂ ਸੌ ਬਣ ਜਾਣ, ਹਜ਼ਾਰ ਬਣ ਜਾਣ। ਮਨੁੱਖ ਦੀ ਉਦਾਸੀ ਤੇ ਦਿਲਗੀਰੀ ਢਹਿੰਦੀ ਕਲਾ ਦਾ ਪ੍ਰਤੀਕ ਹੈ। ਉਦਾਸੀ ਵੀ ਉਹ ਚੰਗੀ ਜੋ ਕਿਸੇ ਨਵੇਂ

ਕਰਮ ਨੂੰ ਜਨਮ ਦੇਵੇ। ਇਸੇ ਬਾਪੂ ਨੇ 20 ਵਰ੍ਹੇ ਮੁਕੱਦਮਾ ਲੜ ਕੇ ਆਪਣੀ ਜ਼ਮੀਨ ਜਿੱਤੀ। ਕਾਰੀਗਰ ਇੰਨਾ ਨਫ਼ੀਸ ਕਿ ਅੱਜ ਵੀ ਕੰਮਾਂ ਵਾਲੇ ਆਵਾਜ਼ਾਂ ਮਾਰਦੇ। ਸਮਰੱਥ ਪੁੱਤਰਾਂ ਤੇ ਪਤਨੀ ਦੇ ਹੁੰਦਿਆਂ ਸੁਤੰਤਰ ਜੀਵਨ ਬਿਤਾ ਰਿਹਾ ਇਹ ਬੁਢੇਪਾ ਮਹਾਨ ਹੈ। ਉਹ ਹਿਲੋਰੇ ਨਾਲ ਇਕ ਦੋ ਹੋਰ ਬੋਲੀਆਂ ਵੀ ਸੁਣਾਉਂਦਾ ਹੈ :

"ਸਿਖ ਲੈ ਬਿਸ਼ਨਪਦੇ ਘਰ ਪੰਡਿਤਾਂ ਦੇ ਜਾਣਾ !"

ਅਤੇ "ਉਤਲੇ ਦੀ ਸਿਫਤ ਕਰੋ, ਜਿਹੜਾ ਥੰਮ੍ਹੀਆਂ ਬਾਝ ਖਲੋਤਾ"

ਸੁਣ ਕੇ ਪੁਲਾੜ ਗਿਆਨ ਦੀ ਜੜ੍ਹ ਲਭੀ ਜਾ ਸਕਦੀ ਹੈ। ਇਸ ਬਾਰੇ ਬ੍ਰਹਿਮੰਡ ਦੀ ਕੋਈ ਥੰਮ੍ਹੀ ਨਹੀਂ, ਇਕ ਦੂਜੇ ਦੇ ਆਕਰਸ਼ਣ ਵਿਚ ਬੱਝੇ ਅਸੀਂ ਸਾਰਾ ਜੀਵਨ ਬਿਤਾ ਜਾਂਦੇ ਹਾਂ। ਕਪੂਰਥਲੇ ਕਾਲਿਜ ਵਿਚ ਇਕ ਵਿਅਕਤੀ ਰੋਜ਼ ਆਉਂਦਾ ਸੀ ਬਰਾਂਡਿਆਂ ਵਿਚ ਘੁੰਮਦਾ ਰਹਿੰਦਾ ਜਾਂ ਕਿਸੇ ਪ੍ਰੋਫੈਸਰ ਨੂੰ ਰੋਕ ਕੇ ਕਿਸੇ ਸ਼ਬਦ ਦਾ ਅਰਥ ਪੁੱਛ ਲੈਂਦਾ। ਉਸ ਨੂੰ ਨਿਤਨੇਮੀ ਵੇਖ ਕੇ ਮੈਂ ਬਹੁਤ ਹੈਰਾਨ ਹੋਇਆ ਸਾਂ ਬਾਅਦ ਵਿਚ ਪਤਾ ਲੱਗਾ ਕਿ ਕਈ ਸਾਲ ਪਹਿਲਾਂ ਇਥੇ ਹੀ ਵਿਦਿਆਰਥੀ ਸੀ, ਇਥੋਂ ਹੀ ਇਸ ਦਾ ਪਿਆਰ ਗੁਆਚਾ। ਉਸੇ ਨੂੰ ਲੱਭਣ ਆ ਜਾਂਦਾ। ਕੋਈ ਵਿਦਿਆਰਥੀ ਜਾਂ ਪ੍ਰੋਫੈਸਰ ਉਸਨੂੰ ਮਜ਼ਾਕ ਨਹੀਂ ਸੀ ਕਰਦਾ। ਉਹ ਸਾਰਾ ਜੀਵਨ ਇਸੇ ਹੀ ਤੌਰ ਲੋਰ ਵਿਚ ਬਿਤਾ ਦੇਵੇਗਾ। ਜ਼ਰੂਰੀ ਨਹੀਂ ਕਿ ਜ਼ਿੰਦਗੀ ਵਿਚ ਕੁਝ ਪ੍ਰਾਪਤ ਹੀ ਹੋਵੇ ਗੁਆਉਣਾ ਵੀ ਇਕ ਅਨੰਤੀ ਖੇਡ ਹੈ। "ਆਪੁ ਗਵਾਈਐ ਤਾ ਸਹੁ ਪਾਈਐ।" ਗੁਰ ਬਾਬੇ ਵੀ ਫ਼ੁਰਮਾ ਰਹੇ ਹਨ।

ਜੋਗੇ ਦੇ ਬਾਪੂ ਨੂੰ ਜਦ ਕਿਸੇ ਤੇ ਗੁੱਸਾ ਆਉਂਦਾ ਹੈ ਤਾਂ ਇਕ ਟੱਪਾ ਦੁਹਰਾਉਂਦਾ

"ਉੱਲੂ ਪੁਤ ਪੜ੍ਹਾਈਏ ਸੋਲੋ ਦੂਣੀ ਅੱਠ।"

ਇਹ ਬੋਲ ਉਹ, ਆਪਣੀ ਤੇ ਹੋਰ ਸਭਨਾਂ ਦੀ ਗ਼ਲਤੀ ਉਤੇ ਦੁਹਰਾਉਂਦਾ ਉਹ ਕਿਹਾ ਕਰਦੈ, "ਆਹ ਜਿਹੜੀ ਘੜੀ ਅਸੀਂ ਮਾਣ ਰਹੇ ਆਂ, ਇਹਦਾ ਜੁਆਬ ਐ। ਓਇ ਮੁੰਡਿਓ, ਮੇਰੇ ਕੋਲ ਬਹਿ ਕੇ ਝੂਰਿਆ ਨਾ ਕਰੋ। ਇਹ ਜੂਨ ਕਿਤੇ ਰੋਜ਼ ਰੋਜ਼ ਮਿਲਦੀ ਐ।"

ਇਸੇ ਤਰ੍ਹਾਂ ਦਾ ਅਹਿਸਾਸ ਡਾ. ਸੀਤਲ ਦੀ ਸੰਗਤ ਵਿਚੋਂ ਲਭਦਾ ਹੈ। ਉਹ ਹਰੇਕ ਸ਼ਾਮ ਬਿਤਾਉਣ ਤੋਂ ਬਾਅਦ ਕਹੀ ਜਾਂਦੇ ਹਨ : 'ਵੈਰੀ ਗੁੱਡ ਈਵਨਿੰਗ, ਵੈਰੀ ਗੁੱਡ ਈਵਨਿੰਗ !" ਮੈਂ ਸੁਣ ਕੇ ਖੁਸ਼ ਹੋ ਜਾਣਾ। ਪਰ ਇਕ ਵਾਰ ਜਦੋਂ ਉਹ ਮੇਰੇ ਪਾਸ ਦਿੱਲੀ ਆਏ ਤਾਂ ਸਾਨੂੰ ਖਾਣ ਪੀਣ ਨੂੰ ਕੁਝ ਨਾ ਲੱਭਾ, ਭਟਕਦੇ ਰਹੇ। ਉਦੋਂ ਵੀ ਘਰ ਮੁੜਦਿਆਂ ਇਹੀ ਕਹਿ ਰਹੇ ਸਨ: "ਵੈਰੀ ਗੁੱਡ ਈਵਨਿੰਗ !" ਉਦੋਂ ਮੈਨੂੰ ਇਸ ਵਾਕ ਦੇ ਅਰਥਾਂ ਦੀ ਸਮਝ ਆਈ। ਦੁਖ ਮੈਂ ਸੁਖ ਇਹੀ ਅਵਸਥਾ ਹੈ ਜਿਸ ਦਾ ਜ਼ਿਕਰ ਸਾਡੇ ਧਾਰਮਕ ਗ੍ਰੰਥ ਕਰਦੇ ਹਨ।

ਬਾਪੂ ਨਾਲ ਆੜੀ ਪਾਇਆਂ ਬਾਈ ਵਰ੍ਹੇ ਬੀਤ ਗਏ ਹਨ, ਪਰ ਪੌਲੀਆਂ ਚਾਰ ਦਾ ਸ਼ਲੋਕ ਉਸੇ ਤਰ੍ਹਾਂ ਕਾਇਮ ਹੈ। ਹੁਣ ਵੀ ਜਦ ਕਦੀ ਕੋਈ ਮੈਨੂੰ ਪੌਲੀਆਂ ਮੋੜਦਾ ਹੈ। ਤਾਂ ਉਨ੍ਹਾਂ ਦੇ ਕਿੰਗਾਰਿਆਂ ਉਤੇ ਉਂਗਲ ਫੇਰਦਾ ਮੈਂ ਉਸ ਦੇ ਬੋਲ ਯਾਦ ਕਰਦਾ ਹਾਂ ..

"ਰੁਪਏ ਦੀਆਂ ਚਾਰ ਪੌਲੀਆਂ ਕਿਹੜੀ ਗੱਲ ਤੋਂ ਫੜੀ ਦਿਲਗੀਰੀ।"

# ਜਾਗੋ ਵੇ, ਜਾਗੋ ਆਈਆ !

ਬੜੀ ਹੀ ਚੁੱਪ ਰਾਤ ਹੈ।

ਮੇਰਾ ਚੁਬਾਰਾ ਬਾਜ਼ਾਰ ਤੋਂ ਬਿਲਕੁਲ ਅਲੱਗ ਹੈ, ਇੰਜ ਜਾਪਦਾ ਹੈ ਜਿਵੇਂ ਭਾਰਤ ਦੇ ਨਕਸ਼ੇ ਥਲੇ, ਸਮੁੰਦਰ ਵਿਚ ਵਸਿਆ ਲੰਕਾ ਟਾਪੂ ਹੋਵੇ।

ਰਾਤ ਅਨੰਤ ਸ਼ੂਨਯ ਵਿਚ ਖਾਮੋਸ਼ ਹੈ। ਮੈਂ 'ਅਗੇਯ' ਦਾ ਨਾਵਲ ਪੜ੍ਹ ਰਿਹਾ ਹਾਂ, ਦੂਰ ਬਾਜ਼ਾਰ ਦੇ ਪਰਲੇ ਸਿਰੇ ਤੋਂ ਇਕ ਸੁਰ-ਲਹਰੀ ਗੂੰਜ ਉਠੀ ਹੈ :

'ਜਾਗੋ ਵੇ, ਜਾਗੋ ਆਈਆ !"

ਤੀਵੀਆਂ-ਕੁੜੀਆਂ ਦੇ ਹਾਸੇ ਦੀ ਇਕ ਮਿਲਵੀਂ ਗੂੰਜ ਉਠਦੀ ਹੈ ਜਿਵੇਂ ਕਿਸੇ ਰੇਤ ਥਲ ਵਿਚ ਚੰਨ-ਚਾਨਣੀ ਵਿਚ ਪੰਧ ਮੁਕਾ ਰਹੇ ਕਿਸੇ ਕਾਫ਼ਲੇ ਦੀਆਂ ਡਾਚੀਆਂ ਦੀਆਂ ਗਲ-ਟੱਲੀਆਂ ਛਲਕ ਪਈਆਂ ਹੋਣ। ਤੀਵੀਆਂ ਦੇ ਹਾਸੇ ਵਿਚ ਇਕ ਅਨੋਖੀ ਕਾਮ-ਖਿਚ ਹੈ।

ਆਵਾਜ਼ ਹੁਣ ਮੇਰੇ ਨੇੜੇ ਆ ਗਈ ਹੈ :

"ਜਾਗੋ ਸੁੱਤਿਓ ਲੋਕੋ ਵੇ, ਜਾਗੋ ਆਈਆ।"

ਮੈਂ ਚੁਬਾਰੇ ਦੀ ਬਾਰੀ ਵਿਚ ਅਧ-ਲੁਕਿਆ ਖਲੋ ਗਿਆ ਹਾਂ ਤਾਂ ਜੋ ਕੋਈ ਮੇਨਕਾ ਵਿਸ਼ਵਾਮਿਤ੍ਰ ਦੀ ਟੁੱਟੀ ਬਿਰਤੀ ਦਾ ਲਾਭ ਨਾ ਉਠਾ ਲਵੇ।

ਸਭ ਤੋਂ ਅੱਗੇ ਇਕ ਨਵ-ਵਿਆਹੀ ਨੂੰਹ ਹੈ, ਨੱਕ ਵਿਚ ਲਹਿਰਦੀ ਨੱਥ ਉਸ ਨੂੰ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਾ ਰਹੀ ਹੈ, ਵਿਵਿਧ-ਰੰਗੀ ਘਗਰੇ ਉਤੇ ਕਸਵੀਂ ਕਮੀਜ਼ ਸਿਰ ਤੇ ਇਕ ਘੜਾ ਹੈ, ਬਹੁਤ ਹੀ ਅਡੋਲ ਅਝੱਕ ਤੁਰੀ ਆ ਰਹੀ ਹੈ। ਖੰਭੇ ਦੇ ਬਲਬ ਵਿਚ ਉਸ ਦਾ ਚਿਹਰਾ ਸਰਘੀ ਦੇ ਤਾਰੇ ਵਾਂਗ ਲਿਸ਼ਕ ਉਠਿਆ ਹੈ। ਕਿਸੇ ਵਿਆਹ ਵਾਲੇ ਘਰ ਦੀਆਂ ਕੁੜੀਆਂ ਉਸ ਦੇ ਨਾਲ ਨਾਲ ਤੁਰੀ ਆ ਰਹੀਆਂ ਹਨ, ਪਿਛੇ ਸਿਆਣੀਆਂ ਜ਼ਨਾਨੀਆਂ ਦਾ ਜੱਥਾ ਹੈ।

ਇਕ ਕੁੜੀ ਬੋਲ ਚੁੱਕਦੀ ਹੈ :

'ਜਾਗੋ ਭੈੜੀ ਬੁਰੀ ਬਲਾ, ਸੁੱਤਿਆਂ ਨੂੰ ਦੇਂਦੀ ਆਣ ਜਗਾ'

ਪਿਛੇ ਸਿਆਣੀਆਂ ਤੀਵੀਆਂ ਹੁੰਗਾਰਾ ਭਰਦੀਆਂ ਹਨ :

'ਜਾਗੋ ਵੇ ! ਜਾਗੋ ਆਈਆ !'

ਰਾਹ ਵਿਚ ਕਈ ਸੁੱਤਿਆਂ ਦੀ ਮੰਜੀ ਉਲਟਾ ਆਈਆਂ ਹਨ, ਬੜਾ ਖਰੂਦੀ ਪਰ ਮਨੋਰਮ ਜੱਥਾ ਹੈ। ਇਕ ਪਛੜਿਆ ਗਰੁੱਪ ਬੋਲਦਾ ਹੈ :

'ਹਮ ਨਹੀਂ ਜਾਗਾਗੇ'

ਅਗਰਗਾਮੀ ਦਲ ਉਨ੍ਹਾਂ ਵਲ ਉਲਰਦਾ ਹੈ।

"ਨਹੀਂ ਤਾਂ ਸ਼ਾਮਤ ਆਈਆ।

ਜਾਗੋ ਵੇ, ਜਾਗੋ ਆਈਆ।"

ਸੰਗੀਤ ਦੀ ਇਹ ਸੂਰ-ਲਹਰੀ ਗੂੰਜਾਂਦੀਆਂ ਉਹ ਮੇਰੇ ਚੁਬਾਰੇ ਤੋਂ ਲੰਘ ਕੇ ਨਗਰ ਦੇ ਸੂਏ ਵਲ ਟੁਰ ਗਈਆਂ ਹਨ।

ਮੈਂ ਸੋਚਦਾ ਹਾਂ, ਅਜੇਹਾ ਜੱਥਾ ਸਾਰੇ ਸੰਸਾਰ ਦੇ ਸੁੱਤੇ ਲੋਕਾਂ ਵਿਚ ਦੀ ਕਿਉਂ ਨਹੀਂ ਲੰਘਦਾ?

ਫਿਰ ਇਹ ਜੱਥਾ ਸੰਸਾਰ ਦੇ ਸਮੂਹ-ਮਾਨਵਾਂ ਦਾ ਕਾਫਲਾ ਬੰਨ੍ਹ ਕੇ ਮੇਰੇ ਅਗੋਂ ਦੀ ਲੰਘਣਾ ਸ਼ੁਰੂ ਹੋ ਜਾਂਦਾ ਹੈ। ਬੁਧ-ਮੱਠ ਵਿਚੋਂ 'ਬੁਧੰ-ਧਰਮੰ-ਸੰਘ-ਸ਼ਰਣੰ, ਗਛਾਮਿ" ਦੀ ਧੁਨੀ ਵਾਂਗ ਇਹ ਸੰਗੀਤਕ ਟੱਲੀ ਗੂੰਜ ਉਠੀ ਹੈ :

"ਜਾਗੋ ਵੇ, ਜਾਗੋ ਆਈਆ।"

# ਚਿੜੀਓ ! ਚਿੜੀਓ ! ਨਾ ਲੜੋ !!

ਮੈਨੂੰ ਬਚਪਨ ਤੋਂ ਹੀ ਪੰਛੀਆਂ ਨਾਲ ਬੜਾ ਮੋਹ ਰਿਹਾ ਹੈ-ਮੇਰੇ ਦਾਦਾ ਜੀ ਕਬੂਤਰਾਂ ਨੂੰ ਚੀਨਾ ਪਾਉਣ ਲਈ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਸਰੋਵਰ ਵਿਚ ਇਕ ਸੰਗਮਰਮਰੀ ਵਧਾਅ ਵਿਚ ਖਲੋ ਜਾਂਦੇ, ਕਬੂਤਰ ਉਨ੍ਹਾਂ ਦੇ ਅਗੇ ਪਿਛੇ ਗੁਟਕੂੰ-ਗੁਟਕੂੰ ਕਰਦੇ, ਇਹ ਵੀ ਇਕ ਸੰਸਕਾਰ ਮੇਰੇ ਮਨ ਵਿਚ ਹੋਵੇਗਾ-ਇਸੇ ਤਰ੍ਹਾਂ ਜਦੋਂ ਵੀ ਸਾਡੀ ਦਾਦੀ (ਭਾਬੀ ਜੀ) ਰੋਟੀ ਖਾਣ ਲੱਗਦੀ ਤਾਂ ਅੱਧਾ ਫੁਲਕਾ ਬਚਾ ਕੇ ਦੁਪੱਟੇ ਦੀ ਝੋਲੀ ਵਿਚ ਰਖ ਲੈਂਦੀ, ਅਜੀਤ ਨਗਰ ਵਾਲੇ ਘਰ ਵਿਚ ਚਿੜੀਆਂ ਤੇ ਗੁਟਾਰਾਂ ਉਸ ਨੂੰ ਉਡੀਕਦੀਆਂ ਸਨ। ਦੋਵੇਂ ਇਸ ਜਹਾਨੋਂ ਤੁਰ ਗਏ ਹਨ, ਗਰੀਬ ਸਨ ਪਰ ਦਿਲ ਦੇ ਅਮੀਰ ਪਾਤਸ਼ਾਹ ਸਨ। ਉਹ ਸੰਸਕਾਰ ਮੇਰੇ ਵਿਚ ਵੀ ਆ ਗਏ। ਸੰਤ ਰਾੜਾ ਸਾਹਿਬ ਦੇ ਵਿਸ਼ਾਲ ਡੇਰੇ ਵਿਚ ਮੇਰੇ ਨਿਵਾਸ ਸਾਹਵੇਂ ਸਵੇਰੇ ਚਾਰ-ਪੰਜ ਵਜੇ ਹੀ ਪੰਛੀਆਂ ਦਾ ਸੰਗੀਤ ਸ਼ੁਰੂ ਹੋ ਜਾਂਦਾ। ਇਕ ਬਾਬਾ ਜੀ ਮੇਰਾ ਛੋਟਾ ਮੋਟਾ ਕੰਮ ਕਰ ਦਿਆ ਕਰਦੇ ਸਨ, ਅਸੀਂ ਦੋਵੇਂ ਚਿੜੀਆਂ ਗੁਟਾਰਾਂ ਤੇ ਆਏ ਪੰਛੀਆਂ ਨੂੰ ਰੋਟੀਆਂ ਭੋਰ ਭੋਰ ਪਾਉਂਦੇ, ਉਦੋਂ ਹੀ ਮੈਂ ਇਕ ਨਿਬੰਧ 'ਚਿੜੀਆਂ, ਗੁਟਾਰਾਂ ਤੇ ਡਬਲ ਰੋਟੀ' ਲਿਖਿਆ ਸੀ। (ਇਹ ਨਿਬੰਧ ਪੰ. ਯੂ. ਪਟਿਆਲਾ ਦੇ ਵਾਰਤਕ ਪਾਠਕ੍ਰਮ ਵਿਚ ਵੀ ਸ਼ਾਮਲ ਕੀਤਾ ਗਿਆ)। ਇਥੋਂ ਮੈਨੂੰ ਪੰਛੀਆਂ ਦੇ ਸੰਗੀਤ ਦੀ ਸਮਝ ਆਈ,' ਸਾਰੀ ਦੁਨੀਆਂ ਦਾ ਸੰਗੀਤ ਪੰਛੀਆਂ ਦੀ ਚਹਿਚਾਹਟ ਤੋਂ ਹੀ ਪੈਦਾ ਹੋਇਆ ਹੈ। ਇਨ੍ਹਾਂ ਦੀਆਂ ਆਵਾਜ਼ਾਂ ਦੇ ਅਰਥ ਸਮਝੇ ਜਾਣ ਤਾਂ ਭਾਸ਼ਾ-ਵਿਗਿਆਨੀਆਂ ਨੂੰ ਨਵੀਆਂ ਦਿਸ਼ਾਵਾਂ ਲਭ ਸਕਦੀਆਂ ਹਨ। ਵਿਛੋੜੇ ਵਿਚ ਜਦੋਂ ਇਹ ਕੂਕਦੇ ਹਨ ਤਾਂ ਮਨੁੱਖ ਦਾ ਮਨ ਦਹਿਲ ਜਾਂਦਾ ਹੈ, ਮਿਲਾਪ ਦੀਆਂ ਸਵਰ-ਲਹਿਰੀਆਂ ਅਲੱਗ ਹਨ-ਲੜਾਈ ਝਗੜੇ ਵਿਚ ਵੀ ਇਹ ਇਨਸਾਨ ਤੋਂ ਘੱਟ ਨਹੀਂ।

ਪਿਛਲੇ ਦਿਨਾਂ ਦੀ ਭਰਪੂਰ ਬਾਰਸ਼ ਵਿਚ ਇਕ ਅਨੋਖਾ ਅਨੁਭਵ ਮਾਣਿਆ-ਆਪਣੇ ਘਰ ਦੀ ਡਿਓੜੀ ਵਿਚ ਬੈਠਾ ਮੋਹਲੇਧਾਰ ਮੀਂਹ ਦਾ ਆਨੰਦ ਮਾਣ ਰਿਹਾ ਸਾਂ, ਬਾਰਸ਼ ਦੇ ਦਿਨਾਂ ਵਿਚ ਪੰਛੀਆਂ ਨੂੰ ਜਿਸ ਘਰ ਵਿਚ ਰੋਟੀ ਮਿਲੇ, ਉਥੇ ਉਨ੍ਹਾਂ ਲਈ ਬਹਿਸ਼ਤ

ਹੀ ਹੁੰਦਾ ਹੈ। ਅੰਦਰਲੇ ਵਧਾਅ ਵਿਚ ਚਿੜੀਆਂ ਭੁਰੀ ਰੋਟੀ ਖਾ ਰਹੀਆਂ ਸਨ, ਅਚਾਨਕ ਹੀ ਛੋਟਾ ਬੇਟਾ (ਸ਼ੈਲੇ) ਬੋਲ ਉਠਿਆ, ਭਾਅ ਜੀ, ਵੇਖੋ ਚਿੜੀਆਂ ਲੜਦੀਆਂ ਨੇ।"

ਚਿੜੀਆਂ ਨੂੰ ਸਭ ਤੋਂ ਵੱਧ ਸ਼ਾਂਤ-ਪ੍ਰਿਯ ਕਹਿੰਦੇ ਨੇ, 'ਚਿੜੀ ਵਿਚਾਰੀ ਕੀ ਕਰੇ।' ਸਾਡਾ ਮੁਹਾਵਰਾ ਹੀ ਹੈ। ਧੀਆਂ ਵੀ ਆਪਣੇ ਆਪ ਨੂੰ ਚਿੜੀਆਂ ਨਾਲ ਤੁਲਨਾ ਦੇਂਦੀਆਂ ਹਨ :

"ਸਾਡਾ ਚਿੜੀਆਂ ਦਾ ਚੰਬਾ ਵੇ

ਬਾਬਲ ਅਸਾਂ ਤੁਰ ਜਾਣਾ।"

'ਕੁੜੀਆਂ ਤੇ ਚਿੜੀਆਂ' ਨੂੰ ਅਮਨ-ਪਸੰਦ ਪ੍ਰਤੀਕ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ।

ਇਹ ਚਿੜੀਆਂ ਕਿਉਂ ਲੜ ਰਹੀਆਂ ਨੇ? ਇਸ ਤੋਂ ਪਹਿਲਾਂ ਵੀ ਇਕ ਵਾਰ ਮੈਂ ਵੇਖਿਆ ਸੀ ਕਿ ਇਕ ਅਧ-ਮਰੇ ਕੌਕਰੋਚ ਨੂੰ ਚਿੜੀਆਂ ਬੜੇ ਆਨੰਦ ਨਾਲ ਠੂੰਗੇ ਮਾਰ ਮਾਰ ਕੇ ਖਾ ਰਹੀਆਂ ਹਨ।

-ਚਿੜੀਆਂ ਵੀ ਲੜ ਸਕਦੀਆਂ ਨੇ।

-ਮਸਲਾ ਪੇਟ ਦਾ ਸੀ, ਆਰਥਿਕਤਾ ਜਿਥੇ ਸਮੱਸਿਆ ਬਣੇ ਉਥੇ ਸਭ ਰਿਸ਼ਤੇ ਟੁੱਟ ਜਾਂਦੇ ਹਨ।

ਮੈਂ ਹੌਲੀ ਜਿਹੀ ਸ਼ਿਸ਼ਕਾਰ ਕੇ ਕਿਹਾ, "ਚਿੜੀਓ, ਚਿੜੀਓ, ਨਾ ਲੜੋ।" ਮੇਰੀ ਆਵਾਜ਼ ਵਿਚ ਹੀ ਛੋਟੇ ਲੜਕੇ ਨੇ ਵੀ ਇਹੀ ਵਾਕ ਦੁਹਰਾਏ ਤੇ ਆਪਣੇ ਨਾਲ ਮੀਂਹ ਵਰ੍ਹਦੇ ਵਿਚ ਹੀ ਹੋਰ ਬੱਚਿਆਂ ਨੂੰ ਵੀ ਮਿਲਾ ਲਿਆ, ਸਾਰੇ ਬੱਚੇ ਬੜੇ ਸੁਰ ਵਿਚ ਗਾ ਰਹੇ ਸਨ :

"ਚਿੜੀਓ ਚਿੜੀਓ ਨਾ ਲੜੋ !!"

ਪਰ ਚਿੜੀਆਂ ਇਥੋਂ ਉਡ ਕੇ ਪਾਥੀਆਂ ਵਿਚੋਂ ਖ਼ੁਰਾਕ ਦੇ ਦਾਣਿਆਂ ਤੋਂ ਫਿਰ ਇਕ ਦੂਜੇ ਤੇ ਝਪਟ ਰਹੀਆਂ ਸਨ। ਇਨ੍ਹਾਂ ਨੂੰ ਵੇਖ ਕੇ ਕੁਝ ਕਾਂ ਵੀ ਆ ਗਏ, ਉਨ੍ਹਾਂ ਦੀ ਸਲਤਨਤ ਖੁੱਸ ਗਈ। ਉਹ ਕਿਸੇ ਹੋਰ ਜਜ਼ੀਰੇ ਵੱਲ ਤੁਰ ਪਈਆਂ। ਮੇਰਾ ਜੀ ਕਰ ਰਿਹਾ ਸੀ ਕਿ ਸਾਰੀ ਦੁਨੀਆਂ ਨੂੰ ਇਹ ਗੀਤ ਸੁਣਾਵਾਂ

'ਚਿੜੀਓ ਚਿੜੀਓ ਨਾ ਲੜੋ !"

"ਚਿੜੀਓ, ਚਿੜੀਓ, ਨਾ ਲੜੋ !!!"

# ਇਕ ਸੁਆਣੀ ਦਾ ਗੀਤ

ਰਸੋਈ ਵਿਚ ਸੁਬ੍ਹਾ ਦਾ ਨਾਸ਼ਤਾ ਤਿਆਰ ਕਰਦੀ ਮੇਰੀ ਪਤਨੀ ਜਗਜੀਤ ਦੀ ਗਾਈ ਹੋਈ ਗ਼ਜ਼ਲ ਦੇ ਬੋਲ ਗੁਣਗੁਣਾ ਰਹੀ ਸੀ :

"ਹਮ ਜਿਸੇ ਗੁਨਗੁਨਾ ਨਹੀਂ ਸਕਤੇ
ਵਕਤ ਨੇ ਐਸਾ ਗੀਤ ਕਿਉਂ ਗਾਇਆ ?
ਤੁਮ ਕੋ ਦੇਖਾ ਤੋ ਯੇ ਖ਼ਿਆਲ ਆਇਆ,
ਜ਼ਿੰਦਗੀ ਧੂਪ, ਤੁਮ ਘਣਾ ਸਾਇਆ।"

ਉਸ ਦੀ ਆਵਾਜ਼ ਵੀ ਕਾਫ਼ੀ ਅੱਛੀ ਹੈ, ਕਾਲਜ ਵਿਚ ਬੈਸਟ ਸਿੰਗਰ ਦਾ ਐਵਾਰਡ ਉਸ ਨੂੰ ਮਿਲਿਆ ਸੀ। ਪਰ ਪਿਛਲੇ 30 ਸਾਲਾਂ ਤੋਂ ਉਹ ਘਰ ਦੀ ਚੱਕੀ ਤੇ ਕਾਲਜ ਦੀ ਨੌਕਰੀ ਦੇ ਚੱਕਰ ਵਿਚ ਧਰਤੀ ਵਾਂਗ ਆਪਣੇ ਦੁਆਲੇ ਤੇ ਪਰਿਵਾਰ ਦੁਆਲੇ ਘੁੰਮ ਰਹੀ ਹੈ। ਕਿੰਨੀਆਂ ਹੀ ਕਲਾਕਾਰ ਆਧੁਨਿਕ ਔਰਤਾਂ ਕੋਹਲੂ ਦੇ ਬਲਦ ਵਾਂਗ ਜ਼ਿੰਦਗੀ ਨਾਲ ਜੂਝ ਰਹੀਆਂ ਹਨ, ਉਨ੍ਹਾਂ ਵਿਚਲਾ ਕਲਾਕਾਰ ਅੰਦਰ ਹੀ ਦਮ ਘੁੱਟ ਕੇ ਮਰ ਜਾਂਦਾ ਹੈ।

ਮੈਂ ਸੋਚਦਾ ਹਾਂ

ਬੁਲਬੁਲਾਂ ਕਿਉਂ ਕੈਦ ਹਨ?

ਕੋਇਲ ਨੂੰ ਕਹੋ ਕਿ ਬਾਗ਼ਾਂ ਵਿਚ ਜਾ ਕੇ ਸੁਤੰਤਰ ਗਾਵੇ, ਉਹ ਕਿਉਂ ਕੈਦ ਹੈ? ਸ਼ਾਇਦ ਇਹ ਕੈਦ, ਇਹ ਜ਼ਿੰਦਗੀ, ਇਹ ਦਿਨ ਰਾਤ ਦਾ ਚੱਕਰ ਉਨ੍ਹਾਂ ਆਪ ਹੀ ਸਹੇੜਿਆ ਹੈ।

ਘਰ ਦਾ ਕੰਮ ਵੀ ਇਕ ਸੰਗੀਤ ਹੈ। ਮੈਂ ਕਈ ਵਾਰ ਆਪਣੇ ਕਪੜੇ ਆਪ ਧੋ ਕੇ ਬਹੁਤ ਖੁਸ਼ ਹੁੰਦਾ ਹਾਂ। ਅਜਿਹੇ ਸਮੇਂ ਮੈਨੂੰ ਆਪਣੇ ਕਪੜੇ ਬੜੇ ਪਿਆਰੇ ਲਗਦੇ ਹਨ। ਸਰਦੀਆਂ ਨੂੰ ਸੁਬ੍ਹਾ ਸਵੇਰੇ 45 ਵਜੇ ਉਠ ਕੇ ਆਪ ਚਾਹ ਬਣਾਉਂਦਾ ਹਾਂ ਤਾਂ ਉਹ ਅੰਮ੍ਰਿਤ

ਵਰਗੀ ਲਗਦੀ ਹੈ। ਜੇ ਪਤਨੀ ਨੂੰ ਵੀ ਇਕ ਪਿਆਲਾ ਦੇ ਦਿੱਤਾ ਜਾਵੇ ਤਾਂ ਜ਼ਿੰਦਗੀ ਉਸ ਨੂੰ ਵੀ ਸਵਰਗ ਜਾਪਦੀ ਹੈ। ਪਰ ਇਹ ਛਿਣ ਉਸ ਨੂੰ ਕਦੀ ਹੀ ਨਸੀਬ ਹੁੰਦੇ ਹਨ !

ਕਦੀ ਕਦੀ ਆਲੇ-ਦੁਆਲੇ ਅਤੇ ਗੁਆਂਢ ਵਿਚ ਅਜਿਹੀਆਂ ਔਰਤਾਂ ਵੀ ਮਿਲਦੀਆਂ ਹਨ ਜਿਨ੍ਹਾਂ ਨੂੰ ਚੰਡਾਲਿਕਾ ਜਾਂ ਡਾਇਣਾਂ ਕਿਹਾ ਜਾ ਸਕਦਾ ਹੈ ਪਰ ਇਸ ਵਿਚ ਵਧੇਰੇ ਕਸੂਰ ਸਾਡੇ ਮਰਦ ਭਰਾਵਾਂ ਦਾ ਹੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਅਨਪੜ੍ਹ ਰੱਖ ਕੇ, ਤਸੀਹੇ ਦੇ ਕੇ ਵਹਿਮਾਂ ਭਰਮਾਂ ਤੇ ਜਾਦੂ ਟੂਣਿਆਂ ਦਾ ਗ਼ੁਲਾਮ ਬਣਾ ਦਿੱਤਾ ਹੈ। ਅਜਿਹੀਆਂ ਔਰਤਾਂ ਜਦੋਂ ਗਲੀ ਵਿਚ ਖਲੋ ਕੇ, ਬਿਨਾਂ ਰੁਕੇ ਲਗਾਤਾਰ ਗਾਲ੍ਹਾਂ ਕੱਢਦੀਆਂ ਜਾਂ ਲੜਦੀਆਂ ਭਿੜਦੀਆਂ ਹਨ ਤਾਂ ਮੈਨੂੰ ਉਨ੍ਹਾਂ ਦੀ ਮਜਬੂਰੀ 'ਤੇ ਤਰਸ ਆਉਂਦਾ ਹੈ। ਮਰਦ ਦੇ ਜ਼ੁਲਮ ਦਾ ਸਾਹਮਣਾ ਨਾ ਕਰ ਸਕਣ ਵਾਲੀ ਔਰਤ ਮਜਬੂਰੀ ਵਿਚ ਆਪਣੇ ਆਲੇ-ਦੁਆਲੇ ਲਈ ਚੰਡਾਲਿਕਾ ਬਣ ਜਾਂਦੀ ਹੈ। ਆਤਮਦਾਹ ਕਰ ਲੈਂਦੀ ਜਾਂ ਦੂਜੇ ਘਰਾਂ ਦੇ ਬੱਚਿਆਂ, ਮਰਦਾਂ ਦੀ ਮੌਤ ਦੇ ਟੂਣੇ ਕਰਦੀ ਕਰਦੀ ਖ਼ੁਦ ਡਾਇਣ ਬਣ ਜਾਂਦੀ ਹੈ। ਇਸ ਘੋਰ ਦੁਖਾਂਤ ਪਿੱਛੇ ਕਿਸੇ ਨਾ ਕਿਸੇ ਖਲਨਾਇਕ ਮਰਦ ਦਾ ਸੂਤਰਧਾਰੀ ਹੱਥ ਜ਼ਰੂਰ ਹੁੰਦਾ ਹੈ। ਵਰਨਾ ਔਰਤ ਇਕ ਮਹਿਕ ਹੈ, ਧਰਤੀ ਦਾ ਦੂਜਾ ਰੱਬ ਹੈ।

ਘਰ ਦੇ ਕੰਮਾਂ ਵਿਚ ਰੁੱਝੀਆਂ ਇਹ ਤੀਵੀਆਂ ਸਾਰਾ ਦਿਨ ਇਕ ਅਣਮੁੱਕ ਗੀਤ ਗਾਉਂਦੀਆਂ ਹਨ। ਇਸ ਗੀਤ ਵਿਚ ਧੁਣਕੀ ਵਰਗੀ ਨਾਦ-ਅਨਾਹਦੀ ਗੂੰਜ ਹੈ। ਇਹ ਗੂੰਜ ਮੈਂ ਆਪਣੇ ਇਕ ਪੁਰਾਣੇ ਘਰ ਵਿਚ ਸੁਣਿਆ ਕਰਦਾ ਸਾਂ। ਮੇਰੀ ਦਾਦੀ ਘਰ ਦੇ ਕੰਮ ਤੋਂ ਵਿਹਲੀ ਹੋ ਕੇ ਸਾਰਾ ਦਿਨ ਚਰਖਾ ਕੱਤਦੀ ਸੀ, ਮੈਂ ਵੀ ਵਿਹਲੇ ਸਮੇਂ, ਉਸ ਲਈ ਪੂਣੀਆਂ ਦੇ ਛੋਪੇ ਬਣਾ ਦੇਂਦਾ ਜਾਂ ਮੁੱਢੇ ਦੇ ਧਾਗੇ ਨੂੰ ਅਟੇਰਨੇ 'ਤੇ ਚਾੜ੍ਹਦਾ, ਪਰ ਮੇਰੇ ਲਈ ਉਹ ਦਿਨ ਬਹੁਤ ਖੁਸ਼ੀ ਭਰਿਆ ਹੁੰਦਾ ਸੀ ਜਦੋਂ ਗਲੀ ਵਿਚ ਪੇਂਜਾ ਆਉਂਦਾ ਤਾਂ ਸਾਡੀ ਖੁਲ੍ਹੀ ਡਿਉਢੀ ਵਿਚ ਅੱਡਾ ਬਣਾ ਕੇ ਸਾਰਾ ਦਿਨ ਰੂੰ ਪਿੰਜਦਾ, ਉਸ ਸੰਗੀਤ ਨੂੰ ਮੈਂ ਕੇਵਲ ਔਰਤ ਦੇ ਕੰਮ ਕਰਦਿਆਂ ਕਰਦਿਆਂ ਗੁਣਗੁਣਾਹਟ ਵਿਚੋਂ ਹੀ ਸੁਣਿਆ ਹੈ।

ਕਈ ਵਾਰੀ, ਮੈਂ ਮਿਸ਼ਰੀ ਬਾਜ਼ਾਰ ਵਿਚ ਮੁਰੱਬਿਆਂ ਦੇ ਕਾਰਖ਼ਾਨੇ ਵਿਚ ਕੰਮ ਕਰਦੀ ਆਪਣੀ ਵਿਧਵਾ ਮਾਮੀ ਪਾਸ ਵੀ ਜਾਂਦਾ ਸਾਂ। ਗੁਲਾਬ ਦੇ ਫੁੱਲਾਂ ਨੂੰ ਪੱਤੀ ਪੱਤੀ ਕਰਕੇ ਉਹ ਵੱਡੇ ਸਾਰੇ ਢੇਰ ਵਿਚ ਇਕ ਮਹਾਨ ਕਲਾਕਾਰ ਵਾਂਗ ਬੈਠੀ ਹੁੰਦੀ ਸੀ, ਉਥੇ

ਹੀ ਇਕ ਮਾਸੀ ਵੀ ਕੰਮ ਕਰਦੀ ਸੀ, ਜਿਸ ਦਾ ਡਾਕੂ ਪਤੀ ਉਸ ਉਤੇ ਘੋਰ ਜ਼ੁਲਮ ਕਰਦਾ ਸੀ, ਹਾਰ ਕੇ ਉਹ ਸੁਹਾਗਣ ਹੁੰਦੀ ਹੋਈ ਵੀ ਵਿਧਵਾ ਤੀਵੀਆਂ ਵਾਂਗ ਇਥੇ ਸੇਅ ਚੌਗਦੀ ਜਾਂ ਗਾਜਰਾਂ ਛਿਲਦੀ ਸੀ। ਮਾਮੀ ਦੀ ਨੂੰਹ ਵੀ ਵਿਧਵਾ ਸੀ, ਉਹ ਵੀ ਇਥੇ ਹੀ ਕੰਮ ਕਰਦੀ। ਇਹ ਤਿੰਨੋ ਕੰਮ ਕਰਦੀਆਂ ਕਰਦੀਆਂ ਗੁਜਰਾਤ ਜਾਂ ਜਿਹਲਮ ਵੱਲ ਦਾ ਕੋਈ ਗੀਤ ਛੂਹ ਲੈਂਦੀਆਂ, ਉਸ ਵੇਲੇ ਉਨ੍ਹਾਂ ਨੂੰ ਸਭ ਦੁੱਖ ਭੁੱਲ ਜਾਂਦੇ। ਹੱਥ ਕੰਮ ਕਰਦੇ, ਦਿਲ ਗੀਤ ਗਾਉਂਦਾ ਸੀ। ਉਨ੍ਹਾਂ ਨੂੰ ਵੇਖ ਕੇ ਦੁੱਖ ਤਾਂ ਹੁੰਦਾ ਸੀ, ਪਰ ਕਿਰਤ ਦੀ ਚਮਕ ਨਾਲ ਦਮਕਦੇ ਉਨ੍ਹਾਂ ਦੇ ਮੱਥਿਆਂ 'ਤੇ ਇਕ ਇਲਾਹੀ ਨੂਰ ਹੁੰਦਾ ਸੀ। ਮੈਂ ਮਨ ਹੀ ਮਨ ਉਹਨਾਂ ਨੂੰ ਨਮਸਕਾਰ ਕਰਦਾ ਸਾਂ।

ਅਜ ਸੁਬ੍ਹਾ ਸਵੇਰ ਮੇਰੀ ਪਤਨੀ, ਰਸੋਈ ਵਿਚ ਨਾਸ਼ਤਾ ਤਿਆਰ ਕਰਦੀ ਜਗਜੀਤ ਦੀ ਗਾਈ ਗ਼ਜ਼ਲ ਗੁਣਗੁਣਾ ਰਹੀ ਹੈ।

ਮੈਂ ਸੋਚ ਰਿਹਾ ਹਾਂ :

ਬੁਲਬੁਲ ਕਿਉਂ ਕੈਦ ਹੈ ?

ਕੋਇਲ ਨੂੰ ਕਹੋ ਕਿ ਬਾਗ਼ਾਂ ਵਿਚ ਦਰਖ਼ਤ 'ਤੇ ਬੈਠ ਕੇ ਗਾਏ !

# ਔਰਤ

ਇਕ ਸੁੱਤੀ ਹੋਈ ਵੀਣਾ ਹੈ, ਮਿਆਨ ਵਿਚ ਪਈ ਦੋਧਾਰੀ ਤਲਵਾਰ ਹੈ। ਤ੍ਰੇਲ-ਧੋਤਾ ਨਰਗਸ ਦਾ ਫੁੱਲ ਹੈ ਤੇ ਬਿਫ਼ਰੀ ਹੋਈ ਸ਼ੇਰਨੀ ਵੀ। ਆਪਣੇ ਪੁੱਤਰ ਤੇ ਸਮੁੱਚੇ ਜਗਤ ਦੀ ਮਾਂ, ਪਰ ਜਦੋਂ ਭਾਵਨਾਵਾਂ ਪੱਖੋਂ ਅਤ੍ਰਿਪਤ ਹੋ ਜਾਵੇ ਤਾਂ ਇਹਦੇ ਵਰਗਾ ਕਰੂਪ ਰੂਪ ਸ਼ਾਇਦ ਹੀ ਕਿਸੇ ਦਾ ਹੋਵੇ। ਅਰਪਨ ਕਰੇ ਤਾਂ ਜਾਨ ਉਤੇ ਖੇਡ ਕੇ ਵੀ ਆਦਮੀ ਦੀ ਪਰਵਰਸ਼ ਕਰਦੀ ਹੈ, ਈਰਖਾ ਕਰੇ ਤਾਂ ਦੁੱਧ ਵਿਚ ਜ਼ਹਿਰ ਵਾਂਗ ਘੁਲ ਜਾਂਦੀ ਹੈ। ਇਸ ਦੀ ਆਵਾਜ਼ ਨਾਲ ਘਰ ਵਿਚ ਅਗਰਬੱਤੀ ਵਰਗੀ ਸੁਗੰਧ ਤੇ ਮੰਦਰ ਦੀਆਂ ਘੰਟੀਆਂ ਗੂੰਜ ਉਠਦੀਆਂ ਹਨ, ਇਹਦੀ ਅਣਹੋਂਦ ਵਿਚ ਮਹੱਲ-ਅਟਾਰੀਆਂ, ਉੱਲੂਆਂ ਤੇ ਚਮਗਾਦੜਾਂ ਦੇ ਖੰਡਰ ਹਨ।

ਈਸਾਈ ਮਿਥ ਅਨੁਸਾਰ ਇਸ ਨੂੰ ਆਦਮੀ ਦੀ ਪਸਲੀ ਵਿਚੋਂ ਬਣਾਇਆ ਗਿਆ, ਪਰ ਅਸਲ ਵਿਚ ਆਦਮੀ ਹੀ ਔਰਤ ਦੀ ਪਸਲੀ ਦਾ ਇਕ ਕਿਣਕਾ ਮਾਤਰ ਹੈ। ਜਦੋਂ ਸਿਕੰਦਰ ਵਰਗੇ ਮਹਾਂਬਲੀ ਤੇ ਬੁੱਧ ਵਰਗੇ ਭਗਵਾਨ ਫ਼ਿਲਾਸਫ਼ਰ ਆਪਣੀਆਂ ਮਾਵਾਂ ਪਾਸ ਖਲੋਂਦੇ ਹੋਣਗੇ ਉਹ ਕਿੰਨਾ ਮਾਣ ਮਹਿਸੂਸ ਕਰਦੀਆਂ ਹੋਣਗੀਆਂ। ਮੈਂ ਜਦ ਵੀ ਕਦੀ ਆਪਣੀ ਮਾਤਾ ਜਾਂ ਪਤਨੀ ਨਾਲ ਕੌੜੇ ਸ਼ਬਦ ਬੋਲਦਾ ਹਾਂ ਤਾਂ ਇਕ ਘੰਟੇ ਦੇ ਵਿਚ ਵਿਚ ਜਦ ਤਕ ਹੰਝੂਆਂ ਭਰੀ ਖਿਮਾ-ਯਾਚਨਾ ਨਾ ਕਰ ਲਵਾਂ ਓਨਾ ਚਿਰ ਇਕ ਪਹਾੜ ਮੇਰੇ ਮਨ 'ਤੇ ਲੱਦਿਆ ਰਹਿੰਦਾ ਹੈ।

ਔਰਤ ਇਕ ਰਾਗ ਹੈ, ਸੁੱਤਾ ਹੋਇਆ, ਸਿਤਾਰ ਵਾਂਗ। ਮਰਦ ਦੀ ਸੰਗਤ ਦਾ ਅਨੁਰਾਗ ਇਕ ਅਜਿਹਾ ਸੰਗੀਤ ਛੇੜਦਾ ਹੈ ਕਿ ਸੰਸਾਰ ਦਾ ਕੋਈ ਵੀ ਰਾਗ ਇਸ ਦੇ ਸਾਹਵੇਂ ਤੁਛ ਹੈ।

ਭਾਰਤੀ ਮਿਥ ਵਿਚ ਔਰਤ ਦੁਰਗਾ ਹੈ, ਲਕਸ਼ਮੀ ਹੈ। ਇਸ ਦੇ ਚਾਰ ਹੱਥ ਹਨ, ਸ਼ੇਰ ਉਤੇ ਸਵਾਰ ਹੈ। ਨਰਸਿੰਗੇ ਵਜ ਰਹੇ ਹਨ, ਸਾਰਾ ਸੰਸਾਰ ਇਸ ਦੇ ਪੈਰਾਂ ਹੇਠ ਕੰਬ ਰਿਹਾ ਹੈ। ਇਹ ਜਾਗੇ ਤਾਂ ਸਾਰਾ ਸੰਸਾਰ ਜਾਗਦਾ ਹੈ, ਇਹ ਸੌਂ ਜਾਵੇ ਤਾਂ ਕਾਇਨਾਤ

ਕਬਰਸਤਾਨ ਬਣ ਜਾਵੇਗੀ। ਜਿਸ ਘਰ ਵਿਚ ਇਸ ਦੀ ਆਵਾਜ਼ ਦਾ ਸੰਗੀਤ ਨਹੀਂ, ਉਹ ਘਰ ਸ਼ਮਸ਼ਾਨ-ਭੂਮੀ ਹੈ ਜਿਸ ਵਿਚ ਜਜ਼ਬਿਆਂ ਦੀਆਂ ਚਿਤਾਵਾਂ ਬਲ ਰਹੀਆਂ ਹਨ। ਲੋਕ ਡਰਦੇ ਮਾਰੇ ਇਸ ਘਰ ਦੇ ਕੋਲ ਦੀ ਨਹੀਂ ਲੰਘਦੇ।

ਸਾਡਾ ਪੰਜਾਬੀ ਮੁਹਾਵਰਾ ਹੈ : "ਔਰਤ ਸੂਈ ਦੇ ਨੱਕੇ ਨਾਲ ਘਰ ਬਣਾ ਦਿੰਦੀ ਹੈ, ਤੇ ਇਸੇ ਸੂਈ ਦੇ ਨੱਕੇ ਨਾਲ ਹੀ ਘਰ ਨੂੰ ਢਾਹ-ਢੇਰੀ ਕਰ ਦਿੰਦੀ ਹੈ।"

ਇਹ ਅਨੁਭਵ ਮੈਂ ਹੰਢਾਇਆ ਹੈ, ਹੋਰ ਸਹਿਸਰ ਲੋਕ ਇਹ ਅਨੁਭਵ ਹੰਢਾਉਂਦੇ ਹਨ ਪਰ ਇਕਬਾਲ ਨਹੀਂ ਕਰਦੇ। ਮਰਦ ਵਿਚ ਝੂਠੀ ਸ਼ਾਨ ਦਾ ਜੋ ਲਘੂ ਜਜ਼ਬਾ ਹੈ, ਉਹ ਇਸ ਨੂੰ ਗ਼ੁਲਾਮ ਬਣਾ ਕੇ ਹੀ ਮਾਨਸਿਕ ਆਨੰਦ ਪ੍ਰਾਪਤ ਕਰਦਾ ਹੈ।

ਗੌਤਮ ਬੁੱਧ ਨੇ ਤਾਂ ਗਿਆਨ-ਪ੍ਰਾਪਤੀ ਬਾਅਦ, ਲੋਕ-ਸਤਿਕਾਰ ਦੇ ਤਖ਼ਤ 'ਤੇ ਬੈਠਦੇ ਸਮੇਂ ਸਭ ਤੋਂ ਪਹਿਲਾਂ ਯਸ਼ੋਧਰਾ ਨੂੰ ਵੀ ਆਵਾਜ਼ ਮਾਰੀ ਸੀ ਕਿ "ਮੇਰੇ ਪਾਸ ਬੈਠੋ, ਇਹ ਪ੍ਰਾਪਤੀ ਤੇਰੇ ਹੀ ਤਿਆਗ ਦਾ ਫਲਸਰੂਪ ਹੈ।" ਲੋਕ, ਲਛਮਣ ਦੀ ਉਰਮਿਲਾ ਨੂੰ ਭੁੱਲ ਗਏ ਹਨ। ਕਵੀ, ਬਾਲ ਕ੍ਰਿਸ਼ਨ ਸ਼ਰਮਾ ਨਵੀਨ ਨੇ ਉਸ ਉੱਤੇ ਜੋ ਮਹਾਂਕਾਵਿ ਰਚਿਆ ਹੈ ਉਹ ਔਰਤ ਦਾ ਮਹਾਨ ਸਰੂਪ ਪੇਸ਼ ਕਰਦਾ ਹੈ। ਮਰਯਾਦਾ ਪਰਸ਼ੋਤਮ ਰਾਮ, ਸੀਤਾ ਨੂੰ ਬਨਵਾਸ ਭੇਜਦੇ ਸਮੇਂ ਉਸ ਦੇ ਲੰਮੇ ਵੈਰਾਗ ਤੇ ਤਿਆਗ ਨੂੰ ਭੁੱਲ ਗਏ ਸਨ। ਬਾਬਾ ਨਾਨਕ, ਬੇਬੇ ਨਾਨਕੀ ਦੀਆਂ ਅੱਖਾਂ ਵਿਚ ਆ ਵਸਦੇ ਸਨ ਕਿਉਂਕਿ ਉਸੇ ਵੀਰਣੀ ਨੇ ਜਗਤ-ਕਲਿਆਣ ਦੇ ਪ੍ਰਭੂ ਰੂਪ ਨੂੰ ਸਭ ਤੋਂ ਪਹਿਲਾਂ ਪਛਾਣਿਆ ਸੀ।

ਔਰਤ ਦੇ ਵਿਵਿਧ ਰੂਪ ਵੇਖ ਵੇਖ ਮੈਂ ਸਦਾ ਅਨੁਮਾਦਿਤ ਹੋਇਆ ਹਾਂ। ਖ਼ਾਸ ਕਰ ਬੀਮਾਰੀ ਸਮੇਂ ਮਾਂ, ਪਤਨੀ ਤੇ ਭੈਣ ਦੀ ਛੁਹ ਤਾਂ ਡਾਕਟਰਾਂ ਦੇ ਅਚੰਭਿਤ ਗਿਆਨ ਨੂੰ ਵੀ ਮਾਤ ਕਰ ਦਿੰਦੀ ਹੈ।

ਜਗਤ ਉਤੇ ਇਸ ਮਹਾਂ ਮਾਇਆ ਦਾ ਹੀ ਪਸਾਰਾ ਹੈ। ਇਸ ਮਹਾਂ ਪਸਾਰ ਨੂੰ ਮੈਂ ਨਮਸਕਾਰ ਕਰਦਾ ਹਾਂ !

# ਉਦਾਸ ਦਰਖ਼ਤਾਂ ਦੇ ਮੌਨ-ਨਗ਼ਮੇ

ਹਰ ਸਾਲ ਦਸੰਬਰ ਦੇ ਮਹੀਨੇ, ਦਰਖ਼ਤਾਂ ਦੇ ਉਦਾਸ ਮੂੰਹ ਮੈਨੂੰ ਆਪਣੇ ਵਲ ਖਿੱਚ ਲੈਂਦੇ ਹਨ। ਮੇਰੇ ਘਰ ਦੇ ਰਾਹ ਵਿਚ ਇਕ ਪੁਰਾਣਾ ਬਾਗ਼ ਹੈ, ਜਿਸ ਨੂੰ ਕੱਟ ਕੱਟ ਕੇ ਉਦਯੋਗੀ ਦੁਨੀਆਂ ਆਪਣੇ ਘਰ ਤੇ ਫੈਕਟਰੀਆਂ ਬਣਾਈ ਜਾ ਰਹੀ ਹੈ। ਇਹਨਾਂ ਦਰਖ਼ਤਾਂ ਨੂੰ ਮਲਹਾਰ ਗਾਂਦੇ ਵੀ ਮੈਂ ਵੇਖਿਆ ਹੈ। ਸੌਣ ਭਾਦੋਂ ਵਿਚ ਜਦ ਪਾਣੀ-ਲੱਦੀਆਂ ਤੇਜ਼ ਹਵਾਵਾਂ ਵਗਦੀਆਂ ਹਨ ਤਾਂ ਦਰਖ਼ਤਾਂ ਦੀ ਮੁਸਕ੍ਰਾਹਟ ਵੀ ਮੈਂ ਮਾਣੀ ਹੈ ਅਤੇ ਇਹਨਾਂ ਦੇ ਪੱਤਿਆਂ ਤੇ ਟਾਹਣੀਆਂ ਦੀਆਂ ਤਾਰਾਂ ਉਤੇ ਹਵਾ ਦੇ ਫਿਰਦੇ ਗਜ਼ਾਂ ਵਿਚੋਂ ਉਭਰਦਾ ਸੰਗੀਤ ਵੀ ਸੁਣਿਆ ਹੈ, ਟਾਹਣੀਆਂ ਤੇ ਪੱਤਿਆਂ ਨੂੰ ਤਾੜੀਆਂ ਵਜਾਉਂਦੇ ਤੇ ਪ੍ਰੇਮ-ਕਲੋਲ ਕਰਦੇ ਵੀ ਵੇਖਿਆ ਹੈ। ਮੀਂਹ ਵਿਚ ਨਹਾਤੇ ਦਰਖ਼ਤਾਂ ਦੀ ਤ੍ਰਿਪਤੀ ਵੀ ਅਨੁਭਵ ਕੀਤੀ ਹੈ, ਉਹਨਾਂ ਨੂੰ ਇਸ ਰੂਪ ਵਿਚ ਵੇਖ ਕੇ ਸਨਾਨ-ਗ੍ਰਿਹ ਵਿਚੋਂ ਇਸ਼ਨਾਨ ਕਰਕੇ ਆਈ ਯੁਵਤੀ ਦਾ ਆਭਾਸ ਹੁੰਦਾ ਹੈ।

ਅੱਜ ਜਦ ਮੈਂ ਲੌਢੇ ਵੇਲੇ ਇਸ ਉਪਬਨ ਵਿਚੋਂ ਲੰਘ ਰਿਹਾ ਸਾਂ ਤਾਂ ਦਰਖ਼ਤਾਂ ਦੀ ਉਦਾਸੀ ਨੇ ਮੈਨੂੰ ਘੇਰ ਲਿਆ। ਕੁਝ ਚਿਰ ਖਾਮੋਸ਼ ਖੜਾ ਉਹਨਾਂ ਵਲ ਵੇਖਦਾ ਰਿਹਾ, ਪੱਤਰ ਝੜ ਚੁੱਕੇ ਸਨ ਤੇ ਮੇਰੇ ਪੈਰਾਂ ਵਿਚ ਢੇਰ ਵਾਂਗ ਪਏ ਕਿਸੇ ਭਠਿਆਰਣ ਨੂੰ ਉਡੀਕ ਰਹੇ ਸਨ। ਕੁਦਰਤ ਵੀ ਕਮਾਲ ਹੈ ! ਖਿੜੇ ਤਾਂ ਮਨ ਖਿੜਾ ਦਿੰਦੀ ਹੈ, ਮੁਰਝਾਏ ਤਾਂ ਵੀ ਸਾਡਾ ਕੋਈ ਨਾ ਕੋਈ ਕੰਮ ਸਾਰਦੀ ਹੈ। ਬੰਦਿਆਂ ਵਿਚ ਇਹ ਗੁਣ ਨਾ ਹੋਣ ਬਰਾਬਰ ਹੀ ਹੈ। ਦਰਖ਼ਤਾਂ ਦੀਆਂ ਰੁੰਡ-ਮੁੰਡ ਟਾਹਣੀਆਂ 'ਚੋਂ ਵਿਰਲਾਪ ਦੇ ਸਵਰ ਉਭਰ ਰਹੇ ਸਨ, ਪੱਛੋ ਦੀ ਹਵਾ ਸਰੀਰ ਚੀਰਦੀ ਜਾਪਦੀ ਸੀ ਤਾਂ ਵੀ ਦਰਖ਼ਤਾਂ ਦੇ ਕੇਂਦਰੀ ਤਣੇ ਨੌਜਵਾਨ ਵਾਂਗ ਅਹਿਲ ਤੇ ਅਡੋਲ ਖੜੇ ਸਨ। ਉਹਨਾਂ ਨੇ ਬਹਾਰ ਵਲ ਬਿਰਤੀ ਲਾਈ ਜਾਪਦੀ ਸੀ। ਪੰਛੀ ਵੀ ਕੋਈ ਕੋਈ ਹੀ ਨਜ਼ਰ ਆਉਂਦਾ ਸੀ। ਇਹ ਵੀ ਬਹਾਰ ਦੇ ਯਾਰ ਨੇ, ਖ਼ੁਦਗਰਜ਼ੀ ਸਭ ਜੀਵਾਂ ਵਿਚ ਹੈ, ਪਰ ਦਰਖ਼ਤਾਂ ਵਿਚ ਨਹੀਂ। ਮੈਨੂੰ ਯਾਦ ਹੈ, ਛੋਟੇ ਹੁੰਦਿਆਂ ਮਹਿਰੌਲੀ ਰਹਿੰਦਾ ਸਾਂ ਤਾਂ ਰੋਜ਼ ਜੰਗਲ ਵਿਚੋਂ ਕੋਈ ਨਾ ਕੋਈ ਟਾਹਣ ਰਸੋਈ

ਲਈ ਵੱਢ ਲਿਆਂਦਾ ਸੀ, ਪਰ ਉਹੋ ਦਰਖ਼ਤ ਦੂਜੇ ਦਿਨ ਮੈਨੂੰ ਵਧੇਰੇ ਸਿਹਤਮੰਦ ਬਣਾਉਣ ਲਈ ਸਦਾ ਹੀ ਤਤਪਰ ਰਹਿੰਦਾ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਇਕ ਬਹੁਤ ਵੱਡਾ ਦਰਖ਼ਤ ਹੁੰਦਾ ਸੀ, ਅਸੀਂ ਲੁਕਣ-ਮੀਟੀ ਖੇਡਦੇ ਹਮੇਸ਼ਾ ਉਸ ਦੇ ਸੰਘਣੇ ਟਾਹਣਾਂ ਵਿਚ ਜਾ ਛੁਪਦੇ, ਮੋਟੇ ਤਗੜੇ ਟਾਹਣਾਂ ਨਾਲ ਲਮਕ ਕੇ ਬਾਲੇ ਕਢਦੇ ਤੇ ਛਾਲਾਂ ਮਾਰਦੇ। ਪਰ ਉਹ ਦਰਖ਼ਤ ਹਮੇਸ਼ਾ ਸਾਨੂੰ ਬੁੱਕਲ ਵਿਚ ਸਮੋ ਲੈਂਦਾ ਸੀ, ਕਦੀ ਉਜ਼ਰ ਨਹੀਂ ਸੀ ਕਰਦਾ। ਜਦੋਂ ਕਮੇਟੀ ਨੇ ਬੁੰਗਿਆਂ ਦੇ ਨਾਲ ਨਾਲ ਇਹ ਦਰਖ਼ਤ ਵੀ ਖ਼ਤਮ ਕਰ ਦਿੱਤਾ, ਉਦੋਂ ਵਡੇਰਾ ਹੋਣ ਦੇ ਬਾਵਜੂਦ ਮੈਂ ਬਹੁਤ ਦੁਖੀ ਹੋਇਆ ਸਾਂ। ਦਰਖ਼ਤਾਂ ਨੇ ਕਦੀ ਬਗ਼ਾਵਤ ਨਹੀਂ ਕੀਤੀ। ਉਦਾਸ ਰੁੱਤ ਵਿਚ ਵੀ ਸਾਡਾ ਭਲਾ ਹੀ ਸੋਚਦੇ ਨੇ।

ਉਦਾਸ ਦਰਖ਼ਤ ਕਿਸੇ ਸਮਾਧੀ ਵੀ ਲੀਨ ਹਨ। ਮੈਂ ਉਹਨਾਂ ਦੇ ਚੁੱਪ-ਨਗ਼ਮੇ ਸੁਣ ਰਿਹਾ ਹਾਂ। ਇਹਨਾਂ ਨਗਮਿਆਂ ਦੀ ਆਵਾਜ਼ ਸਭ ਨੂੰ ਨਹੀਂ ਸੁਣੀਂਦੀ, ਦਰਖ਼ਤਾਂ ਦਾ ਕੋਈ ਮੀਤ ਹੀ ਸੁਣ ਸਕਦਾ ਹੈ। ਨਵੀਂ ਉਦਯੋਗੀ ਸਭਿਅਤਾ ਵੀ ਅਨੋਖੇ ਸ੍ਵੈ-ਵਿਰੋਧ ਦਾ ਸ਼ਿਕਾਰ ਹੈ। ਪਹਿਲਾਂ ਜੰਗਲ ਖ਼ਤਮ ਕਰਦੀ ਹੈ, ਫਿਰ ਜੰਗਲ ਉਪਜਾਉਣ ਲਈ ਲਹਿਰਾਂ ਚਲਾਉਂਦੀ ਹੈ। "ਇਕ ਇਕ ਦਰਖ਼ਤ, ਹਰ ਕੋਈ ਲਾਵੇ !" ਦਾ ਨਾਅਰਾ ਕੰਧਾਂ ਉਤੇ ਲਿਖਿਆ ਹੋਇਆ ਹੈ ਪਰ ਆਪਣੇ ਆਲੇ ਦੁਆਲੇ ਵਿਗਸੇ ਦਰਖ਼ਤਾਂ ਨੂੰ ਰੋਜ਼ ਖਤਮ ਕਰੀ ਜਾ ਰਹੇ ਨੇ। ਉਦਾਸ ਦਰਖ਼ਤਾਂ ਦੀ ਵੀਰਾਨਗੀ ਮੇਰੀ ਮੀਤ ਬਣ ਗਈ ਹੈ। ਮੈਂ ਘਰ ਜਾਣਾ ਭੁੱਲ ਗਿਆ ਹਾਂ।

ਗੀਤ ਦੇ ਇਕ ਬੋਲ ਉਭਰਦੇ ਹਨ : "ਸਜਣਾ, ਸਾਨੂੰ ਤਰਸ ਦਾ ਪਾਤਰ ਨਾ ਸਮਝ ਅਸੀਂ ਕਦੀ ਖਤਮ ਨਹੀਂ ਹੋਣਾ। ਤੂੰ ਵੀ ਆਪਣੇ ਰਾਹ ਤੁਰਦਾ ਜਾ। ਜਦੋਂ ਬਹਾਰ ਆਏਗੀ, ਉਦੋਂ ਤੈਨੂੰ ਬੁਲਾਵਾਂਗੇ। ਅਸੀਂ ਹੀ ਅੰਤ ਨੂੰ ਕਾਇਮ ਰਹਿਣੈ। ਹੰਝੂ ਨਾ ਵਹਾ, ਸਾਡੇ ਨਗ਼ਮੇ ਦਾ ਝਰਨਾ ਵਹਿੰਦਾ ਰਹੇਗਾ।"

# ਦੋਸਤੀ- ਪੰਧ ਦਾ ਸਿਖਰ ਪੜਾਅ

ਨਦੀ ਕਿਨਾਰੇ ਬੈਠੇ ਸਨ, ਬਾਬਾ ਨਾਨਕ ਤੇ ਭਾਈ ਮਰਦਾਨਾ। ਪੰਜ ਉਦਾਸੀਆਂ (ਸੰਸਾਰ ਯਾਤਰਾਵਾਂ) ਉਪਰੰਤ ਥੱਕੇ-ਮਾਂਦੇ ਮੁੜ ਰਹੇ ਸਨ। ਸ਼ਾਮ ਤੀਜਾ ਪਹਿਰ, ਸੂਰਜ ਪੱਛਮ ਵਲ ਢਲ ਰਿਹਾ ਸੀ, ਉਸ ਦੀ ਲਲਿਮਾ ਹੋਰ ਪ੍ਰਜਵੱਲਤ ਹੋ ਗਈ ਸੀ। ਮਰਦਾਨਾ ਬਹੁਤ ਹੀ ਮਾਂਦਾ ਜਾਪਦਾ ਸੀ ਪਰ ਉਸ ਦੇ ਚਿਹਰੇ 'ਤੇ ਅਲੌਕਿਕ ਖੇੜਾ ਟਹਿਕ ਰਿਹਾ ਸੀ।

"ਕੀ ਗੱਲ, ਭਾਈ ਮਰਦਾਨਿਆ, ਤੁਰ ਚੱਲਿਆ ਏਂ ?"

"ਹਾਂ ਬਾਬਾ, ਤੇਰੇ ਨਾਲ ਸੰਸਾਰ ਘੁੰਮ ਲਿਆ, ਤੇਰੀ ਬਾਣੀ ਸੰਗ ਰਬਾਬ ਵਜਾਉਂਦਾ ਵਜਾਉਂਦਾ ਮੈਂ ਵੀ ਤਰ ਗਿਆ ਹਾਂ। ਅੱਜ ਆਖਰੀ ਦਿਨ ਆ ਗਿਆ ਹੈ। ਅਸੀਂ ਤੇਰੀ ਯਾਰੀ ਨਿਭਾ ਚਲੇ ਹਾਂ, ਬੋਲਿਆ ਚਾਲਿਆ ਮਾਫ ਕਰੀਂ।" ਮਰਦਾਨਾ ਇਕ ਤਰੰਗ ਵਿਚ ਬੋਲ ਰਿਹਾ ਸੀ।

"ਮਰਦਾਨਿਆਂ, ਰਾਹ ਵਿਚ ਹੀ ਛੱਡ ਚੱਲਿਐਂ ?"

"ਚਲ ਬਾਬਾ, ਤੂੰ ਵੀ ਚਲ। ਇਕੱਠੇ ਹੀ ਜੀਵੇ ਹਾਂ, ਇਕੱਠੇ ਹੀ ਤੁਰ ਚਲੀਏ। ਚੁਲੀ ਪਾ ਸੰਸਾਰ ਤੇ। ਤੂੰ ਏਡੇ ਜਫਰ ਜਾਲ ਕੀ ਖੱਟਿਆ ਏ ? ਇਹ ਦੁਨੀਆਂ ਤੇਰੇ-ਮੇਰੇ ਕਿਹਾਂ ਨਹੀਂ ਬਦਲਣੀ, ਇਹ ਅੰਨ੍ਹੇ ਖੂਹ ਦੇ ਜੀਵ ਨੇ।" ਮਰਦਾਨੇ ਨੇ ਯਾਰੀ ਦਾ ਵਾਸਤਾ ਪਾਇਆ।

"ਨਹੀਂ ਦੋਸਤਾ, ਮਰਨਾ-ਜੀਣਾ ਆਪਣੇ ਵਸ ਨਹੀਂ! ਤੇਰੇ ਸਾਥ ਬਿਨਾਂ ਮੈਂ ਅਧੂਰਾ ਹੋ ਜਾਵਾਂਗਾ। ਪਰ ਹਾਲੇ ਮੇਰੇ ਜ਼ਿੰਮੇ ਬੜੇ ਕੰਮ ਨੇ, ਮੈਂ ਕਿਸੇ 'ਹੁਕਮ' ਵਿਚ ਬੱਝਾ ਹਾਂ। ਇਸ ਅੰਨ੍ਹੇਰੇ ਸੰਸਾਰ ਦਾ ਕੋਈ ਕੋਨਾ ਰੋਸ਼ਨ ਹੋਣ ਵਾਲਾ ਏ। ਮੈਂ ਇਕ ਸੰਗਤ ਤਿਆਰ ਕਰਨੀ ਏਂ। ਪਰ ਮੇਰਾ ਵਾਅਦਾ ਏ ਕਿ ਤੇਰੀ ਉਮਤ ਸਦਾ ਮੇਰੇ ਸੰਗ ਰਹੇਗੀ, ਮੇਰੇ ਸਿੱਖਾਂ ਵਿਚ ਤੇਰੀ ਕੁਰਬਾਨੀ ਦੀ ਜੋਤ ਵੀ ਜਗਦੀ ਰਹੇਗੀ। ਸੂਰਜ ਕਦੇ ਨਹੀਂ ਡੁੱਬਦਾ ਤੂੰ ਭਾਵੇਂ

ਮਿੱਟੀ ਵਿਚ ਜਾ ਸਮਾਵੇਂ ਪਰ ਤੇਰੀ ਰੂਹ ਅੱਲਾ ਦੀ ਦਰਗਾਹ ਵੀ ਸਾਡੀ ਕਸ਼ਮਕਸ਼ ਦੀ ਗਵਾਹੀ ਦੇਵੇਗੀ ਫਿਰ ਤੂੰ ਮੈਨੂੰ ਵੀ ਉਥੇ ਬੁਲਾ ਲਵੀਂ।"

ਬਾਬਾ ਉਦਾਸ ਸੀ, ਪਰ ਜ਼ਾਹਰਾ ਤੌਰ 'ਤੇ ਮਰਦਾਨੇ ਨੂੰ ਹੌਸਲਾ ਦੇ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਹੰਝੂ ਉਮਡ ਆਏ ਸਨ, ਉਹ ਯਾਦ ਕਰ ਰਿਹਾ ਸੀ ਮਰਦਾਨੇ ਦੇ ਪਿਆਰ ਦੀਆਂ ਗੱਲਾਂ। ਮੱਕੇ ਦੀ ਯਾਤਰਾ ਸਮੇਂ ਦਾ ਦ੍ਰਿਸ਼, ਲੱਤਾਂ ਪਸਾਰੀ ਸੁੱਤਾ ਬਾਬਾ, ਪ੍ਰੇਸ਼ਾਨ ਮਰਦਾਨਾ ਬਾਬੇ ਦੀ ਖੈਰ ਲਈ ਦੁਆ ਕਰ ਰਿਹਾ ਸੀ। ਬਾਬੇ ਦਾ ਮੌਲਾਣਿਆਂ ਨਾਲ ਸੰਵਾਦ ! ਜਿੱਤ ਬਾਬੇ ਦੀ। ਕਦੇ ਅਸਾਮ ਦੀਆਂ ਪਰੀਆਂ ਦੇ ਹੁਸਨ ਵਿਚ ਮੁਗਧੇ ਮਰਦਾਨਾ, ਕਦੇ ਕੌਡੇ ਰਾਖਸ਼ ਦੇ ਕਾਬੂ ਆਇਆ, ਕਦੇ ਪਾਂਡਿਆਂ ਦੀ ਨਜ਼ਰ ਤੋਂ ਬਚਦਾ, ਕਦੇ ਭੁੱਖ ਨਾਲ ਬੇਹਾਲ ਹੋਇਆ ਬਾਬੇ ਨੂੰ ਤਾਅਨੇ ਦੇ ਰਿਹਾ।

"ਬਾਣੀ ਆਈ ਹੈ ਮਰਦਾਨਿਆ।" ਦੀ ਆਵਾਜ਼ ਸੁਣ ਕੇ ਅੱਖਾਂ ਮੁੰਦ ਕੇ ਰਬਾਬ ਦੀਆਂ ਸੁਰਾਂ ਵਿਚ ਗਵਾਚਾ ਰੱਬੀ ਬਾਣੀ ਦਾ ਸਾਥ ਦੇ ਰਿਹਾ, ਕਦੇ ਬੇਬੇ ਨਾਨਕੀ ਦੀਆਂ ਪਕਾਈਆਂ ਰੋਟੀਆਂ ਖਾ ਰਿਹਾ, ਕਦੇ ਸਮੁੰਦਰ, ਕਦੇ ਦਰਿਆ, ਕਦੇ ਪਹਾੜ ਕਿਥੇ ਕਿਥੇ ਨਹੀਂ ਘੁੰਮਿਆ। ਬਾਬੇ ਦੀ ਪਿਆਰ-ਤੰਦ ਵਿਚ ਬੱਝਾ ਘਰ-ਬਾਰ ਭੁੱਲ ਕੇ ਉਹ ਤਾਂ ਉਸ ਦਾ ਹੀ ਹੋ ਗਿਆ ਸੀ।

"ਬਾਬਿਆ, ਕਿਹੜੀਆਂ ਸੋਚਾਂ ਵਿਚ ਗਵਾਚ ਗਿਆ ਏਂ। ਜਾਂਦੀ ਵਾਰੀ ਕੋਈ ਸ਼ਬਦ ਸੁਣਾ।"

ਕਹਿੰਦੇ ਨੇ ਮਰਦਾਨੇ ਦੀ ਯਾਦ ਤੇ ਗ਼ਮ ਵਿਚ ਸਬਦ ਗਾਉਣਾ ਸ਼ੁਰੂ ਕਰ ਦਿੱਤਾ, ਸਵਾਸ ਸਵਾਸ ਢਲਦੇ ਮਰਦਾਨੇ ਨੇ ਅੰਤਮ ਵਾਰ ਰਬਾਬ ਵਜਾਈ ਤੇ ਅੰਤ ਬਾਬੇ ਦੀ ਝੋਲੀ ਵਿਚ ਸਿਰ ਰੱਖ ਦਿੱਤਾ, ਉਸ ਵੇਖਿਆ ਕਿ ਬਾਬਾ ਰੋ ਰਿਹਾ ਸੀ। ਇਕ ਮੂਕ ਵਿਰਲਾਪ ਉਸ ਦੇ ਨੂਰੀ ਚਿਹਰੇ ਤੋਂ ਸਾਰੀ ਫਿਜ਼ਾ ਵਿਚ ਗੂੰਜ ਰਿਹਾ ਸੀ। ਲਹਿੰਦੇ ਸੂਰਜ ਦੀਆਂ ਕਿਰਨਾਂ ਵਿਚ ਦੋਹਾਂ ਦੇ ਆਕਾਰ ਇਕ ਰੂਪ ਹੋਏ ਲਾਲੀ ਦੀ ਮੂਰਤ ਬਣ ਗਏ ਸਨ।

ਬਾਬਾ ਬੋਲ ਰਿਹਾ, ਅੱਖਾਂ ਮੁੰਦਦਾ ਮਰਦਾਨਾ ਸੁਣ ਰਿਹਾ ਸੀ, "ਯਾਰ ਮਰਦਾਨਿਆਂ ! ਤੇਰੀ ਦੋਸਤੀ ਦੀ ਕਸਮ, ਮੈਂ ਆਖਰੀ ਪਲਾਂ ਤਕ ਰੌਸ਼ਨੀ ਵੰਡਾਂਗਾ। ਇਸ

ਜਗਤ ਦਾ ਜੇ ਇਕ ਕੋਨਾ ਵੀ ਰੌਸ਼ਨ ਹੋ ਸਕੇ ਤਾਂ ਤੂੰ ਅਮਰ ਹੋ ਜਾਵੇਗਾ। ਮੈਂ ਕੁਝ ਬਿਖਰੇ ਹੋਏ ਮੋਤੀ ਇਕੱਠੇ ਕਰ ਕੇ ਇਕ ਸ਼ਮ੍ਹਾਂ ਜਗਾਉਣੀ ਏ। ਵਰਨਾ ਤੇਰੇ ਸੰਗ ਜਾਂਦਾ। ਇਹ ਦੁਨੀਆਂ ਵਿਚ ਵਾਰ ਵਾਰ ਅਨ੍ਹੇਰਾ ਪਸਾਰੇਗੀ। ਮੈਂ ਵਾਰ ਵਾਰ ਆਵਾਂਗਾ, ਤੂੰ ਹਰ ਵਾਰ ਮੇਰੇ ਸੰਗ ਹੋਵੇਗਾ।"

ਇਹ ਨਿਬੰਧ ਲਿਖਦਾ ਲਿਖਦਾ ਮੈਂ ਸੋਚ ਰਿਹਾ ਹਾਂ ਕਿ ਬਾਬਾ ਨਾਨਕ ਇਕ ਨੂਰ ਬਣ ਕੇ ਮੇਰੇ ਸਾਹਵੇਂ ਖੜ੍ਹੇ ਹਨ, ਹੁਣ ਰਬਾਬ ਉਨ੍ਹਾਂ ਦੇ ਨੂਰੀ ਆਕਾਰ ਵਿਚ ਸਮਾਈ ਹੋਈ ਮੈਨੂੰ ਨਜਰ ਆ ਰਹੀ ਹੈ। ਇਹ ਅੱਖ ਦਾ ਛਲਾਵਾ ਨਹੀਂ, ਸੱਚ ਦਾ ਪ੍ਰਕਾਸ਼ ਹੈ।

# ਬਾਜਤ ਢੋਲ ਮ੍ਰਿਦੰਗ ਨਗਾਰੇ

ਮੈਂ ਜਦ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਪੜ੍ਹਦਾ ਜਾਂ ਸੁਣਦਾ ਹਾਂ ਤਾਂ ਇਕ ਅਨੋਖਾ ਜਿਹਾ ਨਾਦ-ਚਿਤ੍ਰ ਮੇਰੀਆਂ ਅੱਖਾਂ ਸਾਹਮਣਿਓਂ ਲੰਘਣਾ ਸ਼ੁਰੂ ਹੋ ਜਾਂਦਾ ਹੈ। ਇੰਜ ਮਹਿਸੂਸ ਹੁੰਦੈ ਜਿਵੇਂ ਕੇਸਰੀ ਬਾਣਾ ਪਹਿਨੀ, ਸ਼ੀਹਾਂ ਵਰਗੇ ਸਿੰਘ ਸੂਰਮੇ ਇਕ ਲੈਅ ਵਿਚ ਮਾਰਚ ਕਰ ਰਹੇ ਹੋਣ, ਉਨ੍ਹਾਂ ਅੱਗੇ ਨਰਸਿੰਗਿਆਂ ਵਾਲੇ, ਪਿੱਛੇ ਊਠਾਂ ਤੇ ਨਗਾਰੇ ਵਜਾਉਣ ਵਾਲੇ, ਮ੍ਰਿਦੰਗ ਵਜਾਉਣ ਵਾਲਿਆਂ ਦੀ ਇਕ ਵੱਡੀ ਟੋਲੀ ਤੇ ਪਿੱਛੇ ਨੇਜ਼ੇ ਉਲਾਰਦੇ, ਸ੍ਰੀ ਸਾਹਬਾਂ ਸੂਤ ਕੇ ਜਟਾ-ਜੂਟ ਸੂਰਮੇ ਤੁਰੀ ਜਾ ਰਹੇ ਹੋਣ। ਸਿਰਾਂ 'ਤੇ ਪਟੀਵਾਰ ਦਸਤਾਰਾਂ ਤੇ ਦਸਤਾਰਾਂ ਉਤੇ ਖੰਡਾ-ਕਿਰਪਾਨ ਦੇ ਨਿਸ਼ਾਨ ਜੜੇ ਹੋਏ ! ਦੂਰ ਦੂਰ ਤਕ ਨਗਾਰਿਆਂ ਦੀ ਆਵਾਜ਼ ਨਾਲ ਪਹਾੜਾਂ ਦੀ ਵਾਦੀਆਂ ਗੂੰਜ ਉਠਣ ਤੇ ਮੈਦਾਨਾਂ ਵਿਚੋਂ ਪਲਾਤੀ ਜਿਹੀ ਧੂੜ ਉਡਦੀ ਨਜ਼ਰ ਆਉਂਦੀ ਹੈ, ਮੇਰਾ ਦਿਲ ਕਰਦਾ ਹੈ ਇਹੋ ਜਿਹੇ ਮਰਜੀਵੜਿਆਂ ਵਿਚ ਸ਼ਾਮਲ ਹੋ ਕੇ ਕਿਸੇ ਵੱਡੇ ਮਨੋਰਥ ਲਈ ਇਨ੍ਹਾਂ ਵਿਚ ਸ਼ਾਮਲ ਹੋ ਜਾਵਾਂ।

ਇਹ ਜਾਦੂ ਬੀਰ-ਰਸ ਦੀ ਬਾਣੀ ਹੈ। "ਮਹਾਂ ਬਲੀ" ਇਕ ਵਾਕ ਵਿਚ ਗੁਰਮੁਖੀ ਦੀ ਮਾਤ੍ਰਾ "ਟਿੱਪੀ" ( * ) ਦਾ ਅਨੁਪ੍ਰਾਸ ਬੰਨ੍ਹਦੇ ਹਨ :

"ਮਾਤੇ ਮਤੰਗ ਜਰੇ ਜਰਸੰਗ
ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ
ਪਉਨ ਕੇ ਗਉਨਕੋ ਜਾਤ ਨਿਵਾਰੇ॥"

ਇਹ ਸ੍ਵੈਯੇ ਪਾ. 10 ਦੀਆਂ ਪੰਗਤੀਆਂ ਹਨ, ਸਕੂਲ ਪੜ੍ਹਦੇ ਸਾਂ, ਨਗਰ ਦਾ ਸਭ ਤੋਂ ਵਧੀਆ ਸਕੂਲ ਸੀ ਤੇ ਧਾਰਮਿਕ ਇਕ ਵਿਸ਼ਾ ਸੀ। ਮੈਂ ਮੁੱਢ ਤੋਂ ਹੀ ਤਰਕਵਾਦੀ ਸਾਂ ਪਰ ਗੁਰੂ ਸਾਹਿਬ ਦੀ ਬਾਣੀ ਤੇ ਇਤਿਹਾਸ ਮੈਨੂੰ ਫੌਰਨ ਕੰਠ ਹੋ ਜਾਂਦਾ ਸੀ। ਧਾਰਮਿਕ ਦੇ ਇਕ ਮਾਸਟਰ ਜੀ ਐਮ.ਏ. (ਅੰਗਰੇਜ਼ੀ) ਸਨ, ਸ੍ਰੀ ਅਮਰ ਸਿੰਘ ਉਹ ਕੇਵਲ

ਧਾਰਮਿਕ ਵਿਦਿਆ ਦੇ ਪਸਾਰ ਕਾਰਨ ਕੇਵਲ 80 ਰੁਪਏ ਮਹੀਨਾ ਤੇ ਨੌਕਰੀ ਕਰਦੇ ਸਨ। ਉਸ ਵਿਚੋਂ ਵੀ ਅੱਧੀ ਤਨਖਾਹ ਬੱਚਿਆਂ ਨੂੰ ਗੁਟਕੇ ਵੰਡਣ ਜਾਂ ਕਿਸੇ ਗਰੀਬ ਦੀ ਫੀਸ ਅਦਾ ਕਰਨ ਵਿਚ ਲਗਾ ਦਿੰਦੇ। ਸਵੇਰੇ ਸਵੇਰੇ ਵੱਡੇ ਸਾਰੇ ਸਕੂਲ ਦੇ ਫੁੱਲ ਬੂਟਿਆਂ ਨੂੰ ਪਾਣੀ ਦਿੰਦੇ ਬਾਣੀ ਪੜ੍ਹਦੇ। ਸਾਰੇ ਸਕੂਲ ਵਿਚ ਸਵੇਰੇ ਪ੍ਰਾਰਥਨਾ ਹੁੰਦੀ ਸੀ। ਵੱਡੀ ਸਾਰੀ ਗਰਾਉਂਡ ਵਿਚ ਉਹ ਮੈਨੂੰ, ਪ੍ਰਿਥੀਪਾਲ ਤੇ ਇਕ ਹੋਰ ਵਿਦਿਆਰਥੀ ਨੂੰ ਸਟੇਜ 'ਤੇ ਬੁਲਾ ਕੇ ਸ਼ਬਦ ਪੜ੍ਹਵਾਉਂਦੇ :

"ਦੇਹੁ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।"

ਇਸ ਸ਼ਬਦ ਦੇ ਨਾਲ ਨਾਲ ਮੱਧਮ ਸੁਰ ਵਿਚ ਸਕੂਲ ਦੇ ਬੈਂਡ ਦੇ ਵਿਦਿਆਰਥੀ ਗੋਲ ਜਿਹੇ ਢੋਲ ਤੇ ਡੱਗਾ ਵਜਾਉਂਦੇ ਤੇ ਸਾਡੇ ਪਿੱਛੇ ਪਿੱਛੇ ਦੋ ਹਜ਼ਾਰ ਵਿਦਿਆਰਥੀ ਇਹ ਸ਼ਬਦ ਪੜ੍ਹਦੇ। ਅਜੀਬ ਸਮਾਂ ਬੱਝਦਾ ਜਾਂਦਾ, ਪਾਕਿਸਤਾਨ ਹਾਲੇ ਬਣਿਆ ਹੀ' ਸੀ। 49-50 ਦੇ ਦਿਨਾਂ ਵਿਚ ਤ੍ਰਾਸ ਫੈਲ ਜਾਂਦਾ, ਸਾਡਾ ਸ਼ਬਦ ਸੁਣ ਕੇ ਸੜਕਾਂ ਤੇ ਸੈਂਕੜੇ ਰਾਹ-ਗੁਜਰ ਰੁਕ ਜਾਂਦੇ। ਅਸੀਂ ਸਮਝਦੇ ਅਸੀਂ ਧਰਤੀ 'ਤੇ ਨਹੀਂ, ਅਕਾਸ਼, ਵਿਚ ਉਡ ਰਹੇ ਹਾਂ। ਦੇਵ-ਲੋਕ ਤੋਂ ਇਕ ਸ਼ਕਤੀ ਸਾਡੇ ਵਿਚ ਸਮਾ ਜਾਂਦੀ। ਬੜੇ ਪਿਆਰੇ ਮਾਹੌਲ ਵਿਚ ਅਸੀਂ ਕਲਾਸਾਂ ਵਲ ਜਾਂਦੇ, ਜਿਥੇ ਫਿਰ 'ਜਾਪੁ-ਸਾਹਿਬ' ਦਾ ਪਾਠ ਕਰਦੇ ਸਾਂ :

"ਨਮਸਤ੍ਰੀ ਕ੍ਰਿਪਾਲੇ, ਨਮਸਤੰ ਦਯਾਲੇ ॥"

ਜਾਂ

"ਨਮੋ ਦੇਵ ਦੇਵੇ, ਨਮੋ ਭੇਵ-ਭੇਵੇ ॥"

ਮੈਨੂੰ ਸਾਰਾ 'ਜਾਪੁ ਸਾਹਿਬ' ਜ਼ਬਾਨੀ ਯਾਦ ਹੋ ਗਿਆ ਸੀ, ਇਸ ਮਜ਼ਮੂਨ ਵਿਚ ਮੈਨੂੰ ਇਨਾਮ ਵੀ ਮਿਲਿਆ। ਫਿਰ ਖਿਆਲ ਬਦਲੇ ਸਾਮਵਾਦ ਦੀ ਪਾਹ ਚੜ੍ਹੀ ਬਾਣੀ ਦਾ ਨਿਤਨੇਮ ਤਾਂ ਟੁੱਟ ਗਿਆ ਪਰ ਗੁਰੂ ਗੋਬਿੰਦ ਸਿੰਘ ਦੀ ਬਾਣੀ ਸੁਣ ਕੇ ਮੈਂ ਸਦਾ ਹੀ ਭਾਵਕ ਹੋ ਜਾਂਦਾ ਰਿਹਾ ਹਾਂ। ਜੋਸ਼ ਨਾਲ ਖੂਨ ਖੌਲ ਉਠਦਾ ਸੀ। ਗੁਰਦੁਆਰਾ, ਬਿਬੇਕ-ਸਰ ਦੇ ਪੌੜਾਂ ਵਿਚ ਇਕ ਸੂਰਮਾ ਸਿੰਘ ਜੋੜੀ ਦੇ ਤਾਲ ਤੇ ਹਰ ਰੋਜ਼ ਚੰਡੀ ਦੀ ਵਾਰ

ਪੜ੍ਹਦਾ ਸੀ, ਮੀਂਹ-ਅਨ੍ਹੇਰੀ ਜਾਂ ਧੁੱਪ ! ਹਰ ਰੁੱਤ ਵਿਚ ਕਈ ਪ੍ਰੇਮੀ ਉਸ ਦੇ ਪਾਸ ਬੈਠ ਕੇ ਪਾਠ ਸੁਣਦੇ, ਦਾਨ ਵੀ ਦੇ ਜਾਂਦੇ। ਇਸ ਦੇ ਸਿਦਕ ਨੂੰ ਵੇਖ ਕੇ ਮੇਰਾ ਸਿਰ ਝੁਕ ਜਾਂਦਾ ਸੀ।

"ਸੰਤ ਸਿਪਾਹੀ' ਦੇ ਸੰਕਲਪ ਵਿਚ ਕਵੀ ਦਾ ਬਿੰਬ ਪਹਿਲਾਂ ਆਉਂਦਾ ਹੈ। ਕੁਝ ਲੋਕਾਂ ਨੇ ਕਲਮ ਫੜ ਲਈ, ਯੋਧਿਆਂ ਨੇ ਹਥਿਆਰ! ਇਕ ਕੌਮ ਤਿਆਰ ਹੋਈ ਜੋ ਇਸ ਉਦੇਸ਼ ਨਾਲ ਤੁਰੀ :

"ਪਹਿਲਾਂ ਮਰਨ ਕਬੂਲ
ਫਿਰ ਜੀਵਨ ਦੀ ਆਸ
ਖੇਤ ਜੋ ਮਾਂਡਿਓ ਸੂਰਮਾ
ਤਉ ਆਉ ਹਮਾਰੇ ਪਾਸ ॥"

ਕੇਵਲ 42 ਸਾਲਾਂ ਦੀ ਉਮਰ ਵਿਚ ਮਹਾਂ ਕਵੀ, ਅਦਭੁਤ ਯੋਧਾ ! ਇਕ ਮਿਸਾਲੀ ਜੀਵਨ ਲੀਲ੍ਹਾ ਵਿਖਾ ਕੇ, ਸ਼ਹੀਦਾਂ ਦੀ ਕੌਮ ਬਣਾ ਗਿਆ। ਸਰਵੰਸ ਵਾਰ ਦਿੱਤਾ, ਉਸੇ ਦਾ ਲਹੂ ਸਾਡੀਆਂ ਰਗਾਂ ਵਿਚ ਖੌਲਦਾ ਹੈ।

ਮਹਾਂਬਲੀ ਨੇ ਕਿਹਾ :

'ਚਿਤ ਨ ਭਯੋ ਹਮਰੋ ਆਵਣ ਤਹਿ,
ਜੁੜੀ ਰਹੀ ਸੁਰਤਿ ਪ੍ਰਭੂ ਚਰਨਨ ਮਹਿ ॥"

ਪਰ ਪ੍ਰਭੂ ਦੇ ਹੁਕਮ ਅਨੁਸਾਰ ਧਰਤੀ ਦੀ ਆਹ ਸੁਣ ਕੇ ਬਾਬਾ ਜੀ ਦਾ ਪ੍ਰਕਾਸ਼ ਹੋਇਆ। ਇਕ ਸੂਰਜ ਭਖਿਆ, ਫਿਰ ਕਿਸੇ ਹੋਰ ਧਰਤੀ ਨੂੰ ਪ੍ਰਚਲਤ ਕਰਨ ਲਈ ਸਾਡੀਆਂ ਅੱਖਾਂ ਤੋਂ ਓਹਲੇ ਹੋ ਗਿਆ। ਸੂਰਜ ਕਦੇ ਡੁਬਦੇ ਨਹੀਂ, ਕੇਵਲ ਸਾਡੇ ਗ੍ਰਹਿ ਗਰਦਸ਼ ਕਰਦੇ ਉਸ ਤੋਂ ਓਹਲੇ ਹੋ ਜਾਂਦੇ ਹਨ। ਪ੍ਰਕਾਸ਼ ਉਸੇ ਤਰ੍ਹਾਂ ਰੋਸ਼ਨੀ ਵੰਡ ਰਿਹਾ ਹੈ। ਇਹ ਰੋਸ਼ਨੀ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਵਿਚ ਹੈ, ਬਾਣੀ ਵਿਚ ਹੈ। ਬਾਣੀ ਦੇ ਵੀ ਅਨੇਕਾਂ ਅਨੇਕ ਰੂਪ ਹਨ। ਜਦ ਦਿਲਗੀਰ ਹੋਏ ਤਾਂ ਗਾਂਵਿਆਂ :

"ਮਿਤ੍ਰ ਪਿਆਰੇ ਨੂੰ ਹਾਲਮੁਰੀਦਾਂ ਦਾ ਕਹਣਾ।"

ਇਸ ਸ਼ਬਦ ਨੂੰ ਜੇ "ਰਫੀ" ਵਰਗਾ ਗਾਇਕ ਮਿਲਿਆ ਤਾਂ ਇਹ ਗੀਤ ਭਾਰਤ ਦੇ ਕੋਨੇ ਕੋਨੇ ਵਿਚ ਲੋਕਾਂ ਦੇ ਦਿਲਾਂ ਵਿਚ ਵਸ ਗਿਆ ਅੱਜ ਵੀ ਜਦ ਕਦੇ ਭਾਰਤ 'ਤੇ ਫ਼ੌਜੀ ਹਮਲਾ ਹੁੰਦਾ ਹੈ, ਤਾਂ ਫ਼ੌਜਾਂ "ਦੇਹਿ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।" ਸ਼ਬਦ ਗਾਉਂਦੀਆਂ ਮਾਰਚ ਕਰਦੀਆਂ ਹਨ।

ਮੇਰਾ ਦਿਲ ਕਰਦਾ ਹੈ, ਹੁਣ ਫਿਰ ਕਿਸੇ ਅਜਿਹੇ ਸਕੂਲ ਵਿਚ ਦਾਖਲ ਹੋ ਜਾਵਾਂ ਜਿਥੇ ਸੁਬ੍ਹਾ ਸਵੇਰੇ ਇਹ ਸ਼ਬਦ ਪੜ੍ਹਾਂ ਤੇ ਮਾਰਚ ਕਰਕੇ ਮਰਜੀਵੜਿਆਂ ਦੇ ਸੰਗ-ਸੰਗ ਤੁਰਦਾ ਕਿਸੇ ਵੱਡੇ ਮਨੋਰਥ ਲਈ ਸ਼ਹੀਦ ਹੋ ਜਾਵਾਂ।

# ਸਮਾਂ

ਮੇਰੇ ਘਰ ਤਿੰਨ ਚਾਰ ਸਮਾਂ-ਦਰਸਾਊ ਯੰਤਰ ਹਨ। ਕੰਧ ਤੇ ਲੱਗਾ ਕਲਾਕ ਜਦ 4 ਵਜਾਉਂਦਾ ਹੈ ਤਾਂ ਟਾਈਮ ਪੀਸ 'ਤੇ 10 ਮਿੰਟ ਘਟ ਹੁੰਦੇ ਹਨ, ਗੁੱਟ-ਘੜੀ ਉਤੇ 5 ਮਿੰਟ ਵਧ ਹੁੰਦੇ ਹਨ, ਇਸੇ ਤਰ੍ਹਾਂ ਸ੍ਰੀਮਤੀ ਦੀ ਘੜੀ ਦਾ ਵਖਰਾ ਹੀ ਵਕਤ ਹੁੰਦਾ ਹੈ। ਮੈਂ ਕਿਸ ਨੂੰ ਠੀਕ ਮੰਨਾਂ ?

ਅਸਲ ਵਿਚ ਸਮਾਂ ਕਿਸੇ ਮਾਪ-ਦੰਡ ਦੇ ਅਧੀਨ ਨਹੀਂ। ਇਕ ਸਾਲ ਵਿਚ 400 ਦਿਨ ਹੋ ਸਕਦੇ ਹਨ ਅਤੇ ਇਕ ਦਿਨ ਦੇ 30 ਘੰਟੇ। ਇਹ ਸਭ ਮਨੁੱਖ ਦੇ ਮਨ ਦੀ ਖੇਡ ਹੈ। ਸਮਾਂ ਸਾਗਰ ਤੋਂ ਵੀ ਅਥਾਹ ਹੈ, ਇਸ ਦਾ ਆਦਿ ਅੰਤ ਕੋਈ ਨਹੀਂ। ਇਹ ਨਾ ਤੁਰਦਾ ਹੈ, ਨਾ ਦੌੜਦਾ, ਕੁਝ ਵੀ ਨਹੀਂ ਕਰਦਾ। ਐਵੇਂ ਕਿਸੇ ਚਿਤਰਕਾਰ ਨੇ ਇਸ ਨੂੰ ਤੂਫ਼ਾਨੀ ਵੇਗ ਨਾਲ ਦੌੜਦਾ ਵਿਖਾਇਆ ਹੈ ਜਿਸ ਨੂੰ ਇਕ ਕੋਮਲ-ਅੰਗੀ ਯੁਵਤੀ ਰੋਕ ਰਹੀ ਹੈ, ਪਰ ਇਹ ਨਹੀਂ ਰੁਕਦਾ। ਇਸੇ ਦੇ ਆਧਾਰ ਤੇ ਸਾਡੇ ਮਹਾਂ ਕਵੀ ਨੇ "ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ" ਵਰਗੀ ਉਪਭਾਵਕ ਪੰਗਤੀ ਲਿਖੀ ਹੈ।

ਸਮਾਂ ਨਾ ਪਿਆਰਾ ਹੈ ਨਾ ਕਹਿਰਵਾਨ। ਜਦੋਂ ਸਾਡੇ ਦੇਸ਼ ਵਿਚ ਭਿਆਨਕ ਸਮਾਂ ਹੁੰਦਾ ਹੈ ਤਾਂ ਕੋਈ ਹੋਰ ਮੁਲਕ ਸਮੇਂ ਦੀ ਖ਼ੁਸ਼ਹਾਲੀ ਦੇ ਗੀਤ ਗਾ ਰਿਹਾ ਹੁੰਦਾ ਹੈ। ਸਮੇਂ ਦਾ ਕੋਈ ਚਰਿਤਰ ਨਹੀਂ, ਕੋਈ ਰੰਗ ਨਹੀਂ, ਰੂਪ ਨਹੀਂ, ਰੇਖ ਭੇਖ ਕੁਝ ਨਹੀਂ। ਕਲਜੁਗ ਸਤਿਜੁਗ ਸਭ ਨਜ਼ਰ ਦੇ ਭੁਲੇਖੇ ਤੇ ਸਾਡੀ ਐਨਕ ਦੇ ਰੰਗ ਦੀ ਪਰਤ ਹਨ।

ਹਾਲੇ ਸਮੇਂ ਦਾ ਨਾਮਕਰਣ ਨਹੀਂ ਹੋਇਆ...।

# ਸੋਗੀ ਸੰਗੀਤ ਦਾ ਜਾਦੂ

ਸੰਗੀਤ ਮੈਨੂੰ ਕੀਲ ਲੈਂਦਾ ਹੈ, ਖ਼ਾਸ ਕਰਕੇ ਦੁਖ ਤੇ ਕਰੁਣਾ ਦਾ ਸੰਗੀਤ ਇੰਜ ਰੂਹ ਵਿਚ ਪ੍ਰਵੇਸ਼ ਕਰਦਾ ਹੈ ਜਿਵੇਂ ਕਿਸੇ ਨੇ ਸਾਡੇ ਮਨ ਨੂੰ ਹਿਪਨੋਟਾਈਜ਼ ਕਰ ਲਿਆ। ਹੋਵੇ। ਸੋਗੀ ਸੰਗੀਤ ਦੀਆਂ ਸੁਰ-ਲਹਿਰੀਆਂ ਤੇ ਸੰਗੀਤ-ਧੁਨੀਆਂ ਦੇ ਸਾਗਰ ਵਿਚ ਗੋਤੇ ਖਾਣ ਨਾਲ ਆਪਣੇ ਆਪੇ ਦੀ ਸਮਝ ਆਉਂਦੀ ਹੈ।

ਜਦੋਂ ਕਦੀ ਸਾਡੇ ਦੇਸ਼ ਦਾ ਮਹਾਨ ਨੇਤਾ ਜਾਂ ਵਡਾ ਪ੍ਰਸ਼ਾਸਕ ਗੁਜ਼ਰ ਜਾਂਦਾ ਹੈ ਤਾਂ ਸਾਡੇ ਆਕਾਸ਼ਵਾਣੀ ਤੋਂ ਸੋਗ ਦੀਆਂ ਸੁਰਾਂ ਉਦੈ ਹੋਣ ਲਗ ਜਾਂਦੀਆਂ ਹਨ। ਸਾਰੰਗੀ ਉਤੇ ਜਦੋਂ ਗਜ਼ ਫਿਰਦਾ ਹੈ ਤਾਂ ਇੰਜ ਜਾਪਦੈ ਜਿਵੇਂ ਕਿਸੇ ਨੇ ਦਿਲ ਦੀਆਂ ਗ਼ਮ-ਲਹਿਰਾਂ ਵਿਚ ਹਲਚਲ ਮਚਾ ਦਿਤੀ ਹੋਵੇ। ਪੱਛਮ ਦੀਆਂ ਵਾਇਲਨਾਂ ਦਾ ਸਮੂਹ-ਸੰਗੀਤ, ਸਾਗਰ ਵਿਚ ਗੋਤੇ ਦੇਣ ਲਗ ਜਾਂਦੈ। ਦਿਲ ਕਰਦਾ ਏ ਇਹ ਸੰਗੀਤ ਕਦੀ ਬੰਦ ਨਾ ਹੋਵੇ। ਅਜਿਹਾ ਸੰਗੀਤ ਸੁਣ ਕੇ ਸਰੀਰ ਵਿਚ ਗ਼ਮ ਦੇ ਵਲੇਵੇਂ ਜਿਹੇ ਉਠਦੇ ਹਨ, ਇਹਨਾਂ ਨੂੰ ਕੇਵਲ ਸੋਗੀ ਸੰਗੀਤ ਹੀ ਜਗਾ ਸਕਦਾ ਹੈ।

ਅੰਮ੍ਰਿਤ ਵੇਲੇ ਸਾਡੀਆਂ ਗਲੀਆਂ ਵਿਚ, ਇਕ-ਤਾਰਾ ਵਜਾਉਂਦੇ ਹੋਏ ਭਗਤ ਤੇ ਸਾਧ ਲੋਕ ਕਬੀਰ ਤੇ ਬਾਬਾ ਫ਼ਰੀਦ ਦੇ ਸ਼ਲੋਕ ਪੜ੍ਹਦੇ ਫੇਰੀਆਂ ਲਾਉਂਦੇ ਹਨ। ਸਿਆਲ ਦੀ ਨਿੱਘੀ ਸਵੇਰ ਸਮੇਂ ਜਦੋਂ ਇਹਨਾਂ ਦੀ ਬੁਲੇਲ ਕੰਨੀ ਪੈਂਦੀ ਹੈ ਤਾਂ ਆਪਣੀ ਹੋਂਦ ਬਾਰੇ ਸੋਚਣ ਲਈ ਮਜ਼ਬੂਰ ਹੋ ਜਾਈਦਾ ਹੈ। ਸੋਗ ਦੀ ਕਵਿਤਾ ਤੇ ਸੋਗੀ-ਸੰਗੀਤ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਨਿਰਾ ਸੋਗੀ-ਸੰਗੀਤ ਹੀ ਦਿਲ ਦੀਆਂ ਤਰਬਾਂ ਛੇੜਦਾ ਹੈ ਪਰ ਜਦੋਂ ਇਹਨਾਂ ਸੁਰ-ਲਹਿਰੀਆਂ ਨੂੰ ਅਰਥ-ਗੌਰਵ ਮਿਲ ਜਾਵੇ ਤਾਂ ਇਹ ਬੁਧ-ਵਿਵੇਕ ਨੂੰ ਝੰਜੋੜਦੀਆਂ ਹਨ।

ਕਿਸੇ ਧੀ-ਧਿਆਣੀ ਦੀ ਵਿਦਾਇਗੀ ਵੇਲੇ, ਪੰਜਾਬੋਂ ਬਾਹਰ ਦੇ ਲੋਕ ਸ਼ਹਿਨਾਈ-ਵਾਦਕਾਂ ਨੂੰ ਬੁਲਾਉਂਦੇ ਹਨ, ਉਹਨਾਂ ਦੀਆਂ ਸੁਰਾਂ ਪੱਥਰ ਪੰਘਾਰ ਦੇਂਦੀਆਂ ਹਨ।

ਭਗਤ ਸਿੰਘ ਦੀ ਸ਼ਹੀਦੀ ਸਮੇਂ ਸਾਡੀ ਪੀੜ੍ਹੀ ਨੇ ਜਨਮ ਨਹੀਂ ਸੀ ਲਿਆ, ਪਰ ਅੱਜ ਵੀ ਜਦ ਕੋਈ ਪੰਜਾਬ ਵਿਚ ਭੈਣ ਜਾਂ ਮਾਂ ਉਸ ਦੀ ਘੋੜੀ ਗਾਉਂਦੀ ਹੈ ਤਾਂ ਹੰਝੂਆਂ ਦੇ ਸੋਮੇ ਫੁਟ ਪੈਂਦੇ ਹਨ। ਵਾਰਿਸ ਦੀ ਹੀਰ ਗਾਉਣ ਦਾ ਆਪਣਾ ਹੀ ਸੰਗੀਤ-ਵਿਧਾਨ ਹੈ, ਜੋ ਹਰ ਪੰਜਾਬੀ ਦੀ ਆਤਮਾ ਨੂੰ ਕੀਲ ਲੈਂਦਾ ਹੈ। ਮਾਂ ਇਛਰਾਂ ਦਾ ਵੈਰਾਗ ਹਿਰਦੇ ਵੇਦਕ ਲੈਅ ਵਿਚ ਗਾਇਆ ਜਾਂਦਾ ਹੈ। ਇਹ ਸੁਰਾਂ ਕਿਸੇ ਸੋਗੀ ਤੇ ਵੈਰਾਗੇ ਮਨ ਨੇ ਪੈਦਾ ਕੀਤੀਆਂ ਹਨ। ਰਵੀ ਸ਼ੰਕਰ ਦੀ ਸਿਤਾਰ ਸਾਡੇ ਮਨ ਨਾਲ ਗੱਲਾਂ ਕਰਦੀ ਜਾਪਦੀ ਹੈ।

ਸੋਗ ਦੀ ਸੰਗੀਤ ਨਾਲ ਸਾਡੀ ਡੂੰਘੀ ਸਾਂਝ ਹੈ।

# ਹਥੇਲੀ 'ਤੇ ਬੈਠਾ ਚੰਨ

ਇਕ ਦਿਨ ਅਚਾਨਕ ਹੀ ਪੰਚਮੀ ਦਾ ਚੰਨ ਮੇਰੀ ਤਲੀ 'ਤੇ ਆ ਬੈਠਾ। ਮੈਂ ਮੁਸਕ੍ਰਾ ਕੇ ਪੁੱਛਿਆ, "ਕਿਵੇਂ ਆਏ ਹੋ ਪ੍ਰਭੂ ?"

"ਚਲੋ, ਤੁਹਾਨੂੰ ਉੱਪਰ ਲੈ ਚਲੀਏ, ਬਥੇਰੀ ਹੋ ਗਈ ਧਰਤ-ਯਾਤਰਾ !"

"ਨਹੀਂ ਭਾਈ। ਹਾਲੇ ਨਹੀਂ, ਅਜੇ ਤਾਂ ਧਰਤੀ ਦਾ ਇਕ ਕੋਨਾ ਨਹੀਂ ਵੇਖਿਆ !"

ਚੰਨ ਦੀ ਦਾਤੀ ਮੁਸਕ੍ਰਾ ਕੇ ਲੋਪ ਹੋ ਗਈ।

ਮੈਂ ਘਬਰਾ ਕੇ ਆਪਣਾ ਹੱਥ ਜੇਬ ਵਿਚ ਪਾ ਲਿਆ, ਕਿਉਂਕਿ ਮੇਰੀ ਹਥੇਲੀ ਉਸ ਦੇ ਨਾਲ ਹੀ ਉੱਡਣਾ ਲੋਚਨ ਲਗ ਪਈ ਸੀ।

# ਗੱਡੀ ਦੀ ਹੂਕ-ਪਹਾੜਾਂ ਦੀ ਸਦਾ

ਇਹ ਦੋ ਆਵਾਜ਼ਾਂ ਹਨ ਜੋ ਬਚਪਨ ਤੋਂ ਹੀ ਮੈਨੂੰ ਧੂਹ ਪਾ ਰਹੀਆਂ ਹਨ। ਉਦੋਂ ਗੱਡੀ ਦੀ ਆਵਾਜ਼ ਸਾਰੇ ਸ਼ਹਿਰ ਵਿਚ ਸੁਣੀਂਦੀ ਸੀ। ਆਬਾਦੀ ਏਨੀ ਨਹੀਂ ਸੀ, ਮਸ਼ੀਨਾਂ ਦਾ ਸ਼ੋਰ ਵੀ ਘੱਟ ਸੀ। ਰਾਤ 8-9 ਵਜੇ ਅੰਮ੍ਰਿਤਸਰੋਂ ਗੱਡੀਆਂ ਤੁਰਦੀਆਂ ਸਨ, ਪੁਰਾਣੇ ਇੰਜਨ ਦੀ ਆਵਾਜ਼ ਵੀ ਵੱਖਰੀ ਕਿਸਮ ਦੀ ਸੀ। ਮੇਰਾ ਦਿਲ ਕਰਦਾ ਕਿ ਭੱਜ ਕੇ ਗੱਡੀ ਵਿਚ ਜਾ ਬੈਠਾਂ ਤੇ ਲਗਾਤਾਰ ਕਈ ਦਿਨ ਸਫ਼ਰ ਵਿਚ ਹੀ ਰਹਾਂ। ਸਵੇਰ ਦੇ ਧੁੰਦਲਕੇ ਤੇ ਅੱਧੀ ਰਾਤ ਦੇ ਸੁੰਨਸਾਨ ਹਨੇਰੇ ਵਿਚ "ਚਾਏ... ਗਰਮ ਚਾਏ! " ਦੀਆਂ ਉਨਮਾਦੀ ਆਵਾਜ਼ਾਂ ਬੜੀਆਂ ਪਿਆਰੀਆਂ ਲਗਦੀਆਂ-ਇਸ ਸਦਾ ਵਿਚ ਇਕ ਕਵਿਤਾ ਛੁਪੀ ਜਾਪਦੀ ਹੈ। ਚਲਦੀ ਗੱਡੀ ਵਿਚ ਨਾਵਲ ਪੜ੍ਹਨਾ ਅਤੇ ਅਣਜਾਣੇ ਲੋਕਾਂ ਨਾਲ ਘੁਲ ਮਿਲ ਜਾਣਾ ਕਿੰਨਾ ਸੁਹਾਣਾ ਹੁੰਦਾ ਹੈ। ਕੋਈ, ਸਦੀਆਂ ਦੀ ਅਗੰਮੀ ਸਾਂਝ ਜਾਪਦੀ ਹੈ, ਦਿਲ ਧੂਹੇ ਜਾਂਦੇ ਹਨ, ਘੜੀਆਂ, ਪਲ, ਜਾਂ ਰਾਤ ਬਿਤਾ ਕੇ ਫਿਰ ਵਿਛੜ ਜਾਣਾ, ਉੱਕਾ ਹੀ ਭੁਲ ਜਾਣਾ ਜਾਂ ਯਾਦਾਂ ਦੇ ਮਧਮ ਚਾਨਣ ਵਿਚ ਕਿਸੇ ਆਕਾਰ ਦਾ ਉਭਰਨਾ ਇਹ ਜ਼ਿੰਦਗੀ ਦੀ ਕਵਿਤਾ ਨਹੀਂ ਤਾਂ ਹੋਰ ਕੀ ਹੈ ?

ਗੱਡੀ ਦੀ ਆਵਾਜ਼ ਅੱਜ ਵੀ ਮੈਨੂੰ ਲਰਜ਼ਾ ਦੇਂਦੀ ਹੈ। ਮਨੁੱਖ ਦੇ ਪੈਰ ਅਣਗਾਹੀਆਂ ਧਰਤੀਆਂ ਦੀ ਖਾਕ ਪਰਸਣ ਲਈ ਤਰਸਦੇ ਰਹਿੰਦੇ ਹਨ। ਸਦੀਆਂ ਤੋਂ ਮਨੁੱਖ ਦੀ ਇਹੀ ਭਟਕਣਾ ਹੈ ਤੇ ਇਹੀ ਪ੍ਰੇਰਣਾ ਜਿਸ ਅਧੀਨ ਹਯੂਨ ਸਾਂਗ ਨੇ ਭਾਰਤੀ ਧਰਤੀ ਦੀ ਸੰਦਲੀ ਮਹਿਕ ਨੂੰ ਸਾਰੇ ਸੰਸਾਰ ਵਿਚ ਪਸਾਰਿਆ, ਉਸ ਨੂੰ ਵੀ ਭਾਰਤੀ ਪਰਬਤ ਜ਼ਰੂਰ ਆਵਾਜ਼ਾਂ ਮਾਰਦੇ ਹੋਣਗੇ ਕਿਉਂਕਿ ਮੈਂ ਇਹ ਮਹਿਸੂਸ ਕੀਤਾ ਹੈ ਕਿ ਗਰਮੀ ਦਾ ਪੇਖਾ ਸ਼ੁਰੂ ਹੁੰਦਿਆਂ ਹੀ ਮੈਨੂੰ ਇੰਜ ਜਾਪਦਾ ਹੈ ਜਿਵੇਂ ਪਰਬਤਾਂ ਦੀ ਹਵਾ ਦੇ ਗਲ ਲੱਗਣ ਲਈ ਲਟਬੌਰਾ ਹੋ ਗਿਆ ਹੋਵਾਂ। ਪਹਾੜ ਵਲ ਜਾਣ ਦੀ ਲਲ੍ਹਕ, ਗੱਡੀ ਦੀ ਹੂਕ ਵਾਂਗ ਹੀ, ਬਚਪਨ ਤੋਂ ਮੇਰਾ ਪਿੱਛਾ ਕਰ ਰਹੀ ਹੈ। ਉਦੋਂ ਮੇਰੇ ਪਿਤਾ ਹਰ ਸਾਲ ਪਹਾੜ ਤੇ ਜਾਇਆ ਕਰਦੇ ਸਨ ਪਰ ਖਰਚ ਦੀ ਘਾਟ ਕਾਰਣ ਉਹ ਕੇਵਲ ਆਪ ਹੀ ਜਾ

ਸਕਦੇ ਸਨ, ਸੋ ਉਹਨਾਂ ਦੇ ਜਾਣ ਤੋਂ ਬਾਦ ਮੈਂ ਪਰਬਤਾਂ ਦੇ ਕਾਲਪਨਿਕ ਆਕਾਰ ਚਿਤਰਿਆ ਕਰਦਾ ਸਾਂ। ਉਹਨਾਂ ਦੀਆਂ ਠੰਡੀਆਂ ਹਵਾਵਾਂ ਅਤੇ ਉਚਾਣਾਂ ਨਿਵਾਣਾਂ ਬਾਰੇ ਜਿਹੜੇ ਵੀ ਸੁਪਨੇ ਮੈਂ ਚਿਤਵੇ ਸਨ, ਉਹ ਹੂ-ਬ-ਹੂ ਉਸੇ ਤਰ੍ਹਾਂ ਦੇ ਹੀ ਸਾਬਤ ਹੋਏ। ਇਸੇ ਖਿੱਚ ਕਾਰਣ ਜਦ ਮੈਨੂੰ ਪਹਿਲੀ ਵੇਰ ਲੈਕਚਰਰ ਦੀ ਆਫਰ 1957 ਵਿਚ ਕਿਸੇ ਪਹਾੜੀ ਕਾਲਜ ਵਲੋਂ ਮਿਲੀ ਤਾਂ ਮੈਂ ਦੂਜੇ ਦਿਨ ਹੀ ਉਥੇ ਜਾ ਪੁਜਾ ਸਾਂ।

ਚਾਂਦਨੀਆਂ ਰਾਤਾਂ ਨੂੰ ਮੈਂ ਰਾਤ ਦੇ ਦੋ ਤਿੰਨ ਵਜੇ ਤਕ ਪਰਬਤੀ-ਚੱਕਰਾਂ ਦੁਆਲੇ ਘੁੰਮਦਾ ਰਹਿੰਦਾ ਸਾਂ। ਘਰ ਪਰਤਣ ਨੂੰ ਜੀਅ ਨਹੀਂ ਸੀ ਕਰਦਾ, ਹੇਠਲੀਆਂ ਚੋਟੀਆਂ ਵੱਲ ਵੇਖ ਵੇਖ ਦਿਲ ਕਰਦਾ ਸੀ ਕਿ ਹੇਠਾਂ ਹੀ ਤੁਰਿਆ ਜਾਵਾਂ ਜਾਂ ਕਿਸੇ ਚੋਟੀ ਤੋਂ ਛਾਲ ਮਾਰ ਦਿਆਂ, ਸ਼ਾਇਦ ਧਰਤੀ ਵਾਂਗ ਪਹਾੜੀਆਂ ਵਿਚ ਵੀ ਆਕਰਸ਼ਣ ਸ਼ਕਤੀ ਹੈ ਜਾਂ ਮੇਰੀ ਕੋਈ ਮਨੋਵਿਗਿਆਨਕ ਗ੍ਰੰਥੀ ਸੀ ਜੋ ਅਜਿਹਾ ਕਰਨ ਦੀ ਪ੍ਰੇਰਣਾ ਦਿੰਦੀ ਸੀ।

ਪਹਾੜਾਂ ਵਿਚ ਜਦੋਂ ਕਿਸੇ ਪਹਾੜੀਏ ਦੀ ਬੰਸਰੀ ਜਾਂ ਅਲਗੋਜ਼ੇ ਵਿਚ ਨਾਦ ਅਨਾਹਦੀ ਧੁਨਾਂ ਉਠਦੀਆਂ ਤਾਂ ਕਈ ਜੋਗੀਆਂ ਦੀ ਸਮਾਧੀ ਟੁੱਟ ਜਾਂਦੀ ਸੀ। ਪਿਛਲੇਰੇ ਸਾਲ ਇਕ ਪਹਾੜੀ ਨਦੀ ਦੇ ਨਿਰਮਲ ਜਲ ਵਿਚ ਪੈਰ ਪਾ ਕੇ ਕੁਝ ਪੜ੍ਹ ਰਿਹਾ ਸਾਂ ਤਾਂ ਇਕ ਕਮਸਨ ਪਹਾੜਨ ਨੇ ਟਾਈਮ ਪੁਛ ਕੇ ਮੇਰਾ ਸਾਰਾ ਧਿਆਨ ਖਿੱਚ ਲਿਆ। ਹਵਾ ਵਿਚ ਉਡਦੇ ਬਿਖਰੇ ਵਾਲ, ਅਰਧ ਮੈਲੇ ਭੋਛਣ ਵਿਚੋਂ ਝਲਕਦਾ ਉਸ ਦਾ ਚਿਹਰਾ ਚੰਨ ਵਾਂਗ ਰਿਸ਼ਮਾਂ ਵੰਡ ਰਿਹਾ ਸੀ। ਮੈਨੂੰ ਜਾਪਿਆ ਪਹਾੜਾਂ ਦੀ ਇਹ ਬੇਟੀ ਮੈਦਾਨੀ ਬੰਦਿਆਂ ਨਾਲ ਉਡ ਜਾਣਾ ਚਾਹੁੰਦੀ ਹੈ।

ਉਸਦਾ ਨਾਮ ਦਰੋਪਦੀ ਸੀ, ਜਿਸ ਤੋਂ ਪਾਂਡਵ ਗਾਥਾ ਯਾਦ ਆ ਗਈ। ਭੋਲੀ ਇੰਨੀ ਕਿ ਕਿੰਨਾ ਕਿੰਨਾ ਚਿਰ ਮੈਨੂੰ ਪੜ੍ਹਦਿਆਂ ਵੇਖਦੀ ਰਹਿੰਦੀ ਸੀ ਤੇ ਜੇ ਮੈਂ ਕਹਿਣਾ ਕਿ ਹੇਠ ਚਾਹ ਵਾਲੇ ਤੋਂ ਚਾਹ ਲਿਆ ਦੇ ਤਾਂ ਭੱਜ ਕੇ ਜਾਣਾ, ਮੇਰੇ ਕਹਿਣ ਤੇ ਵੀ ਆਪ ਚਾਹ ਨਹੀਂ ਸੀ ਪੀਂਦੀ। ਇਹਨਾਂ ਵਿਚ ਹਾਲੇ ਵੀ ਸੇਵਾ-ਭਾਵ ਕਾਇਮ ਹੈ, ਮਨੁੱਖ ਉਤੇ ਅਤੁਟ ਵਿਸ਼ਵਾਸ ਵੀ, ਤਾਂ ਹੀ ਉਹ ਮੇਰੇ ਪਾਸ ਨਿਡਰ ਹੋ ਕੇ ਬੈਠੀ ਰਹਿੰਦੀ ਸੀ। ਅਨੇਕਾਂ ਦਰੋਪਦੀਆਂ ਹਾਲੇ ਵੀ ਇਹਨਾਂ ਪਹਾੜੀਆਂ ਵਿਚ ਪਲ ਰਹੀਆਂ ਹਨ, ਕਿਸੇ ਅਰਜਨ ਦੀ

ਉਡੀਕ ਵਿਚ ਜਾਂ ਕਿਸੇ ਯੁਧਿਸ਼ਟਰ ਦੀ ਚਰਨ-ਧੂੜ ਲੈਣ ਲਈ। ਖਬਰੇ ਕਿੰਨੇ ਜਨਮ ਧਾਰਨਗੀਆਂ ?

ਪਹਾੜਾਂ ਵਿਚ ਕਾਲੇ ਸੰਘਣੇ ਬੱਦਲਾਂ ਦੀ ਆਮਦ ਤੇ ਉਹਨਾਂ ਦੀ ਛਹਿਬਰ ਵਿਚ ਨਹਾਉਣਾ ਅਤੇ ਦਿਨ ਹੁੰਦਿਆਂ ਵੀ ਰਾਤ ਦੇ ਪਸਰ ਜਾਣ ਦਾ ਆਭਾਸ ਹੋਣਾ। ਇਹ ਕਵਿਤਾ ਪਹਾੜਾਂ ਵਿਚ ਹੀ ਲਭਦੀ ਹੈ। ਜੇ ਪਹਾੜਾਂ ਵਿਚ ਰਾਹ ਭੁੱਲ ਜਾਵੇ ਤਾਂ ਇਹਨਾਂ ਵਿਚ ਆਪ-ਮੁਹਾਰੇ ਤੁਰਦੇ ਰਹਿਣ ਵਿਚ ਵੀ ਇਕ ਆਨੰਦ ਹੈ, ਜੇ ਕਿਤੇ ਕਿਸੇ ਪਹਾੜੀਏ ਦੀ ਧੁਆਂਖੀ ਜਿਹੀ ਚਾਹ ਦੀ ਦੁਕਾਨ ਨਜ਼ਰ ਆ ਜਾਵੇ ਤਾਂ ਸਵਰਗ ਲੱਭਣ ਵਰਗੀ ਅਵਸਥਾ ਹੁੰਦੀ ਹੈ। ਉਸ ਦੀ ਗਾੜੇ ਮਿੱਠੇ ਵਾਲੀ ਚਾਹ ਨਾਲ ਚਾਰ ਦਿਨਾਂ ਦੇ ਪਏ ਬੇਕਰੀ-ਬੰਦ ਵੀ ਪਿਆਰੇ ਲਗਦੇ ਹਨ।

ਮੈਨੂੰ ਤਾਂ ਇੰਜ ਜਾਪਦਾ ਹੈ ਕਿ ਅਗਿਆਤ ਸਦੀਆਂ ਤੋਂ ਪਹਿਲਾਂ ਮਨੁੱਖ ਪਹਾੜਾਂ ਵਿਚੋਂ ਹੀ ਮੈਦਾਨਾਂ ਵਿਚ ਆਇਆ ਸੀ ਤਾਂ ਹੀ ਇਸ ਦੀਆਂ ਚੋਟੀਆਂ ਆਵਾਜ਼ਾਂ ਮਾਰਦੀਆਂ ਹਨ ਅਤੇ ਇਹਨਾਂ ਨਾਲ ਰਲਦੀ ਮਿਲਦੀ ਗੱਡੀ ਦੀ ਹੂਕ ਮੈਨੂੰ ਕਿਸੇ ਹੋਰ ਅਣਜਾਣੇ ਭੂ-ਮੰਡਲ ਜਾਂ ਉਪਗ੍ਰਹਿ ਵਿਚ ਚਲੇ ਜਾਣ ਲਈ ਪ੍ਰੇਰਦੀ ਹੈ।

# ਵਿਦੇਸ਼ੀ ਵਸਤਰ

ਮੇਰੀ ਖ਼ੁਸ਼ਨਸੀਬੀ ਹੀ ਸਮਝੋ ਕਿ ਮੇਰੇ ਕੁਝ ਪਰਮ ਮਿੱਤਰ ਵਿਦੇਸ਼ਾਂ ਵਿਚ ਰਹਿੰਦੇ ਹਨ, ਉਹ ਕਈ ਸੁਗਾਤਾਂ ਭੇਜਦੇ ਰਹਿੰਦੇ ਹਨ। ਆਮ ਤੌਰ ਤੇ ਕਪੜੇ ਹੀ ਭੇਜਦੇ ਹਨ।

ਇਹਨਾਂ ਵਿਦੇਸ਼ੀ ਕਪੜਿਆਂ ਬਾਰੇ ਸਾਡੇ ਦੇਸ਼ ਵਿਚ ਬੜੀ ਆਕਰਸ਼ਣ ਹੈ, ਮੈਂ ਵੀ ਖ਼ੁਸ਼ ਹੁੰਦਾ ਹਾਂ, ਪਰ ਇਕ ਅਨੋਖਾ ਅਨੁਭਵ ਹਰ ਸਮੇਂ ਨਾਲ ਨਾਲ ਤੁਰਦਾ ਹੈ। ਇਹਨਾਂ ਹਲਕੇ ਬੋਝ ਦੇ ਕਪੜਿਆਂ ਵਿਚ ਮੈਂ ਭਾਰ ਥੱਲੇ ਦਬਿਆ ਮਹਿਸੂਸ ਕਰਦਾ ਹਾਂ। ਲੋਕਾਂ ਵਿਚ ਇਹਨਾਂ ਦਾ ਬੜਾ ਗੌਰਵ ਮਹਿਸੂਸ ਹੁੰਦਾ ਹੈ, ਜ਼ਾਹਰਾ ਖੇੜਾ ਹੁੰਦਾ ਹੋਏ ਵੀ ਮਨ ਵਿਚ ਅਜੀਬ ਜਿਹੀ ਖਲਬਲੀ ਹੁੰਦੀ ਹੈ।

ਸ਼ਾਇਦ ਇਸ ਦਾ ਇਕ ਪ੍ਰਗਟ ਕਾਰਣ ਹੈ।

ਇਹਨਾਂ ਕਮੀਜ਼ਾਂ ਦੀਆਂ ਬਾਹਵਾਂ ਮੇਰੀਆਂ ਬਾਹਵਾਂ ਨਾਲੋਂ ਲੰਮੀਆਂ ਹਨ। ਕਿਸੇ ਵਡੇ ਕਦ ਬੁੱਤ ਵਾਲੇ ਮਨੁੱਖ ਦੀ ਕਮੀਜ਼ ਮੇਰੇ ਗੋਡਿਆਂ ਤਕ ਜਾਂਦੀ ਹੈ। ਮੇਰਾ ਸਰੀਰ ਇਹਨਾਂ ਕਪੜਿਆਂ ਦੇ ਮੇਚ ਨਹੀਂ। ਇਹ ਬੇਮੇਚੇ ਕਪੜੇ ਵੇਖ ਕੇ ਵੀ ਲੋਕ ਨਿੰਦਾ ਨਹੀਂ ਕਰਦੇ, ਸਗੋਂ ਮੈਨੂੰ ਖ਼ੁਸ਼ਨਸੀਬ ਸਮਝਦੇ ਹਨ। ਇਹ ਕਪੜੇ ਬੜੇ ਚਿਰਾਂ ਤੋਂ ਪਰਦੇਸੀ ਲੋਕ ਸਾਨੂੰ ਪੁਆ ਗਏ ਹਨ।

ਇਕ ਵਾਰ ਇਕ ਪਰਦੇਸੀ ਪੰਜਾਬੀ ਲੇਖਕਾਂ ਨੇ ਮੇਰੀ ਪਤਨੀ ਲਈ ਬਰੇਕੇਡ (ਜ਼ਰੀ ਦਾ ਕਪੜਾ) ਦਾ ਪੀਸ ਭੇਜਿਆ, ਉਹ ਪੂਰੀ ਕਮੀਜ਼ ਨਾਲੋਂ ਛੋਟਾ ਸੀ, ਅੰਤ ਬੜੀ ਸੋਚ ਵਿਚਾਰ ਬਾਅਦ ਉਸ ਦੇ ਨਾਲ ਇਕ ਭਾਰਤੀ ਕਪੜਾ ਜੋੜਿਆ ਤਾਂ ਕਿਤੇ ਉਹ ਗੁਜ਼ਾਰੇ-ਜੋਗੀ ਕਮੀਜ਼ ਬਣ ਸਕਿਆ।

ਇਸੇ ਤਰ੍ਹਾਂ ਦੇ ਮੇਰੇ ਕੁਝ ਲੇਖਕ ਵੀਰ ਹਨ, ਦਿੱਲੀ ਵਿਚ ਬਹੁਤੇ ਹਨ, ਹੋਰਨਾਂ ਸ਼ਹਿਰਾਂ ਵਿਚ ਵੀ ਰਹਿੰਦੇ ਹਨ। ਉਹ ਫਰਾਂਸ ਜਾਂ ਅਮਰੀਕਾ ਤੋਂ ਖ਼ਿਆਲਾਂ ਦੇ ਬੇਮੇਚ

ਕਪੜੇ ਲਿਆ ਕੇ ਸਾਡੇ ਦਿਮਾਗਾਂ ਤੇ ਪਹਿਨਾਉਣਾ ਚਾਹੁੰਦੇ ਹਨ। ਉਹਨਾਂ ਤੇ ਵੀ ਆਪਣੇ ਵਾਂਗ ਤਰਸ ਆਉਂਦਾ ਹੈ।

ਅਸੀਂ ਕਿੰਨਾ ਚਿਰ ਇਹ ਬੇਮੇਚ ਕਪੜੇ ਪਹਿਨਦੇ ਰਹਾਂਗੇ ! ਪੱਛਮ ਤੋਂ ਪੂਰਬ ਵੱਲ ਆਉਂਦਿਆਂ ਤੇ ਆਪਣੇ ਹੀ ਮੇਚ ਦੇ ਕਪੜੇ ਬਣਵਾਉਣ ਵਿਚ ਸਾਨੂੰ ਹੋਰ ਕਿੰਨਾ ਚਿਰ ਲਗੇਗਾ ?

ਇਹ ਸੋਚ ਰਿਹਾ ਹਾਂ।

# ਵਫ਼ਾ

ਹਿਰਨ ਨੂੰ ਕਸਤੂਰੀ ਕਦ ਮਿਲੀ ਹੈ !

ਵਫ਼ਾ ਉਸ ਅਗਿਆਤ ਪੰਛੀ ਵਾਂਗ ਹੈ ਜੋ ਅਸਮਾਨਾਂ ਵਿਚ ਉਡ ਜ਼ਰੂਰ ਰਿਹਾ ਹੈ, ਉਸ ਦੇ ਚਹਿਕਣ ਦੀ ਆਵਾਜ਼ ਵੀ ਆ ਰਹੀ ਹੈ, ਪਰ ਇਹ ਸਕਾਈਲਾਰਕ ਅੱਜ ਤਕ ਕਿਸੇ ਵੀ ਨਹੀਂ ਵੇਖਿਆ।

ਮਨੁੱਖੀ ਮਨ, ਆਪਣੇ ਆਪ ਨਾਲ ਹੀ ਵਫ਼ਾਦਾਰ ਨਹੀਂ, ਦੂਜੇ ਨੂੰ ਵਫ਼ਾ ਕੀ ਦੇਵੇਗਾ? ਸਾਡੀ ਪਸੰਦ ਨਾ-ਪਸੰਦ ਕਿੰਨੀ ਥੋੜ-ਚਿਰੀ ਹੈ।

ਵਫ਼ਾ ਦਾ ਜਨਮ ਰੱਬ 'ਤੋਂ ਵੀ ਪਹਿਲਾਂ ਹੋਇਆ ਜਾਪਦਾ ਹੈ, ਮਨੁੱਖ ਨੇ ਹੀ ਰੱਬ ਦੇ ਸੰਕਲਪ ਨੂੰ ਜਨਮ ਦਿੱਤਾ, ਪਰ ਉਹ ਉਸ ਤੋਂ ਅਪਹੁੰਚ ਹੋ ਗਿਆ, ਫਿਰ ਸਭਿਅਤਾ ਦੇ ਭੈ ਵਿਚੋਂ ਵਫ਼ਾ ਦਾ ਸੰਕਲਪ ਘੜਿਆ ਗਿਆ, ਇਸ ਬਾਰੇ ਵੀ ਰੱਬ ਵਾਂਗ ਸੁਣਦੇ ਜ਼ਰੂਰ ਹਾਂ, ਪਰ ਵਫ਼ਾ ਦੀਆਂ ਜ਼ੁਲਫ਼ਾਂ ਦੀ ਛਾਂ ਕਿਸ ਨੇ ਮਾਣੀ ਹੈ ?

ਕੰਡੇ ਲੁਛਦੇ ਰਹਿ ਜਾਂਦੇ ਨੇ, ਲਹਿਰਾਂ ਕਲਵਲਾਉਂਦੀਆਂ ਹੋਈਆਂ ਸਾਗਰ ਨੂੰ ਜਾ ਮਿਲਦੀਆਂ ਹਨ, ਫਿਰ ਸੂਰਜ-ਰਥ ਤੇ ਸਵਾਰ ਹੋ ਕੇ ਉਹਨਾਂ ਹੀ ਕੰਿਡਆਂ ਕੋਲੋਂ ਬੇਨਿਆਜ਼ ਹੋ ਕੇ ਮੁੜ ਲੰਘ ਜਾਂਦੀਆਂ ਹਨ। ਕੰਢੇ ਵੀ ਵਫ਼ਾ ਨਹੀਂ ਮੰਗਦੇ, ਸਿਰਫ਼ ਖੁਰਨਾ ਜਾਣਦੇ ਹਨ। ਉਹਨਾਂ ਦਾ ਸਿਦਕ ਵੇਖ ਕੇ ਲਹਿਰਾਂ ਮੁੜ ਮੁੜ ਆਉਂਦੀਆਂ ਹਨ, ਪਰ ਸਦੀਵੀਂ ਤੌਰ ਤੇ ਕੋਈ ਕਿਸੇ ਪਾਸ ਨਹੀਂ ਰਹਿੰਦਾ, ਰਹਿ ਹੀ ਨਹੀਂ ਸਕਦਾ।

ਕਿਸੇ ਤੋਂ ਵਫ਼ਾ ਮੰਗਣ ਤੋਂ ਪਹਿਲਾਂ ਆਪਣੇ ਗ਼ਰੇਬਾਂ ਵਿਚ ਸਿਰ ਨੀਵਾਂ ਕਰ ਵੇਖਣਾ ਬੜਾ ਜ਼ਰੂਰੀ ਹੈ।

ਖ਼ੁਦਾ ਨੇ ਬੰਦੇ ਨੂੰ ਕਿਹਾ, "ਮਾਤ-ਲੋਕ ਵਿਚ ਜਾ ਕੇ ਮੈਨੂੰ ਯਾਦ ਰਖੀਂ, ਮੈਂ ਤੈਨੂੰ ਇਥੇ ਫਿਰ ਬੁਲਾ ਲਵਾਂਗਾ।"

"ਜਿਵੇਂ ਹੁਕਮ ਹਜ਼ੂਰ।" ਬੰਦੇ ਨੇ ਮਚਲੇ ਬਣ ਕੇ ਆਖਿਆ।

ਹੁਣ ਬੰਦੇ ਨੇ ਮਾਤ-ਲੋਕ ਵਿਚ ਹੀ ਦੇਵ-ਲੋਕ ਬਣਾਉਣ ਦੇ ਮਨਸੂਬੇ ਬਣਾ ਲਏ ਹਨ, ਰੱਬ ਆਪਣੀ ਹੀ ਬਣਾਈ ਰਚਨਾ ਤੋਂ ਧੋਖਾ ਖਾ ਗਿਆ ਹੈ।

ਬੰਦੇ ਨੇ ਤਾਂ ਰੱਬ ਨਾਲ ਧੋਖਾ ਕਰਦਿਆਂ ਗੁਰੇਜ਼ ਨਹੀਂ ਕੀਤਾ। ਉਹ ਕਿਸੇ ਹੋਰ ਦਾ ਕਿਵੇਂ ਬਣੇਗਾ ?

ਬੇਵਫ਼ਾਈ ਦਾ ਗਿਲਾ ਕਰਕੇ ਆਪਣੇ ਬੁੱਲ੍ਹ ਕਾਲੇ ਨਾ ਕਰੋ, ਇਹਨਾਂ ਬੁੱਲ੍ਹਾਂ ਦੀ ਪਵਿਤ੍ਰਤਾ ਬਣੀ ਰਹਿਣ ਦਿਓ !

# ਪੂਣੀਏਂ ! ਮੁੱਕ ਜਾ ਨੀ

ਜਲੰਧਰ ਰੇਡੀਓ ਤੋਂ ਇਹ ਕਾਫੀ ਕੋਈ ਬੜੇ ਵਜਦ ਵਿਚ ਗਾ ਰਿਹਾ ਸੀ .

"ਪੂਣੀਏਂ ਮੁੱਕ ਜਾ ਨੀ

ਮੈਂ ਡੇਰੇ ਸਾਧ ਦੇ ਜਾਣਾ।"

ਮੇਰਾ ਅੰਦਰ ਬਾਹਰ ਉਸ ਦੀ ਸੂਰ-ਲਹਿਰੀ ਤੇ ਸ਼ਬਦਾਂ ਦੇ ਜਾਦੂ ਨਾਲ ਕੀਲਿਆ ਗਿਆ ਹੈ। ਕੋਈ ਰੰਗ ਸੀ, ਰਸ ਸੀ ਜਾਂ ਕਿਸੇ ਆਤਮਾ ਨਾਲ ਸੁਰ ਹੋਇਆ ਬੋਲ ਰੋਮ ਰੋਮ ਪੁਲਕਿਤ ਹੋ ਉਠਿਆ।

ਅੱਜ ਦੀ ਪੀੜ੍ਹੀ ਦੇ ਲੇਖਕਾਂ ਤੇ ਗਾਇਕਾਂ ਵਿਚ ਇਸ ਸੁਰ ਦਾ ਅਭਾਵ ਕਿਉਂ ਹੈ? ਮੈਂ ਸੋਚਣ ਲਗਾ।

ਫਿਰ ਪੂਣੀ ਦੇ ਮੁੱਕ ਜਾਣ ਦਾ ਚਿੰਨ੍ਹ ਮੇਰੇ ਮਨ ਤੇ ਛਾ ਗਿਆ। ਪੂਣੀ ਜੀਵਨ ਹੈ, ਜਿਸ ਦੇ ਮੁਕਣ ਤੇ ਹੀ ਉਹ ਆਪਣੇ ਸ਼ਹੁ ਨੂੰ ਮਿਲ ਸਕਦਾ ਹੈ, ਜਿਸ ਨੂੰ ਉਹ ਡੇਰੇ ਸਾਧ ਦੇ ਜਾਣਾ ਆਖਦਾ ਹੈ।

ਕੁਝ ਸਾਲਾਂ ਤੋਂ ਮੈਂ ਵੀ ਮੌਤ ਬਾਰੇ ਸੋਚ ਰਿਹਾ ਹਾਂ, ਬਿਨਾਂ ਕਿਸੇ ਵਿਸ਼ੇਸ਼ ਕੰਮ ਦੇ, ਮੈਨੂੰ ਇਹ ਜੀਵਨ ਬੇਲੋੜੀ ਵਸਤੂ ਤੇ ਧਰਤੀ ਉਤੇ ਭਾਰ ਜਾਪਣ ਲਗ ਪਿਆ ਹੈ, ਮੈਂ ਚਾਹੁੰਦਾ ਹਾਂ ਕਿ ਛੇਤੀ ਛੇਤੀ ਕੁਝ ਵਧੀਆ ਪੁਸਤਕਾਂ ਲਿਖਾਂ ਤੇ ਆਪਣਾ ਲੇਖਾ ਮੁਕਾ ਜਾਵਾਂ। ਜਦ ਆਪਣੇ ਛੋਟੇ ਜੀਵਨ ਦੀ ਗੱਲ ਆਪਣੇ ਮਿੱਤਰਾਂ ਤੇ ਪਰਿਵਾਰ ਨਾਲ ਕਰਦਾ ਹਾਂ ਤਾਂ ਉਹ ਹੱਸ ਛਡਦੇ ਹਨ। ਸਮਝਦੇ ਨੇ ਮੈਂ ਐਵੇਂ ਮਕਰ ਕਰਦਾ ਹਾਂ-ਉਹ ਮੇਰੀ ਅੰਤਰ-ਭਾਵਨਾ ਨੂੰ ਨਹੀਂ ਸਮਝਦੇ। ਕੀੜਿਆਂ ਹਾਰ ਰੀਂਗਦੇ ਜਾਣਾ ਕੋਈ ਜੀਵਨ ਨਹੀਂ, ਸਗੋਂ ਧਰਤੀ ਦੇ ਦੁੱਖਾਂ ਵਿਚ ਵਾਧਾ ਕਰਨਾ ਹੈ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਉਸ ਸੂਫ਼ੀ ਫਕੀਰ ਵਾਂਗ ਮੇਰਾ ਕੋਈ ਸਾਧ ਨਹੀਂ ਜਿਸ ਦੇ ਡੇਰੇ ਮੈਂ ਜਾਵਾਂ-ਮੇਰਾ ਸਾਧ ਮੈਂ ਆਪ ਹਾਂ, ਮੇਰਾ ਸਾਧ ਮੇਰੀ ਸਾਹਿਤ-ਯਾਤਰਾ ਹੈ, ਜਿਸ ਨੂੰ ਮੈਂ ਅੱਧਾ ਕੁ ਮੁਕਾ ਲਿਆ ਹੈ, ਛੇਤੀ ਹੀ ਇਹ ਯਾਤਰਾ ਖਤਮ ਹੋਵੇਗੀ, ਮੈਂ ਆਪਣੇ ਹੀ ਸਾਧ ਦੇ ਡੇਰੇ ਵਲ ਟੁਰ ਪਵਾਂਗਾ।

ਸਾਡੀ ਪੀੜ੍ਹੀ ਦਾ ਕੋਈ ਸਾਧ ਨਹੀਂ, ਅਸੀਂ ਬੇਪੀਰੇ, ਬੇਦੀਨੇ ਤੇ ਬੇਵਿਸ਼ਵਾਸੀ ਹਾਂ। ਨਵੇਂ ਖਿਆਲ ਅੱਜ ਵੀ ਸਾਡੀ ਫਿਜ਼ਾ ਵਿਚ ਗੂੰਜ ਰਹੇ ਹਨ, ਉਨ੍ਹਾਂ ਦਾ ਅਨੁਭਵੀ ਨਾਦ ਸੁਣਨ ਤੇ ਸਮਝਣ ਦੀ ਲੋੜ ਹੈ, ਅਸੀਂ ਇਸ ਆਪਣੇ ਯੁੱਗ ਦੇ ਸਾਧ ਦੀ ਆਵਾਜ਼ ਤੋਂ ਕੰਨ ਬੰਦ ਕਰ ਲਏ ਹਨ ਅਤੇ ਬਾਰ ਬਾਰ ਪੰਦਰਵੀਂ ਸੋਲ੍ਹਵੀਂ ਸਦੀ ਦੇ ਖ਼ਿਆਲਾਂ ਦੀ ਧੂਣੀ ਧੁਖਾ ਲੈਂਦੇ ਹਾਂ। ਇਸੇ ਕਾਰਣ ਜੀਵਨ ਦੀ ਇਹ ਆਪ ਬਣਾਈ ਨਿਰਾਰਥਕਤਾ ਮੈਨੂੰ ਉਦਾਸ ਕਰਦੀ ਹੈ। ਇਸੇ ਲਈ ਰੇਡੀਓ ਤੋਂ ਗੂੰਜ ਰਿਹਾ ਇਹ ਬੋਲ : 'ਪੂਣੀਏਂ ਮੁੱਕ ਜਾ ਨੀ' ਮੇਰਾ ਸਾਰਾ ਧਿਆਨ ਮੱਲ ਲੈਂਦਾ ਹੈ। ਹਵਾ ਵਿਚ ਫੈਲੇ ਇਸ ਸੰਗੀਤ ਦੇ ਕਣ ਮੈਨੂੰ ਆਪਣੀ ਭਾਵੀ ਤੇ ਪਿਆਰੀ ਕੈਦ ਵਿਚ ਜਕੜ ਰਹੇ ਹਨ :

"ਪੂਣੀਏ ਮੁੱਕ ਜਾ ਨੀ, ਮੈਂ ਡੇਰੇ ਸਾਧ ਦੇ ਜਾਣਾ।"

# ਸੰਗੀਤ

ਕਦੀ ਕਦੀ ਰਾਤ ਨੂੰ ਜਦ ਮੈਂ ਪੱਛਮੀ ਸੰਗੀਤ ਦੀਆਂ ਧੁਨਾਂ ਸੁਣਦਾ ਹਾਂ ਤਾਂ ਇਕ ਅਨੋਖੀ ਖ਼ੁਸ਼ੀ ਅਨੁਭਵ ਹੁੰਦੀ ਹੈ। ਪੰਜਾਹ ਵਾਇਲਨਾਂ ਇਕੱਠੀਆਂ ਹੀ ਵਜ ਰਹੀਆਂ ਹਨ। ਯਕਦਮ, ਜਦ ਉਹ ਰੁਕਦੀਆਂ ਹਨ, ਤਾਂ ਇੰਜ ਮਹਿਸੂਸ ਹੁੰਦੈ ਜਿਵੇਂ ਕੋਈ ਜਹਾਜ਼ ਸਮੁੰਦਰ ਦੀਆਂ ਲਹਿਰਾਂ ਵਿਚ ਗੁੰਮ ਹੋ ਗਿਆ ਹੋਵੇ ਅਚਾਨਕ ਹੀ ਵਾਇਲਨਾਂ ਦੇ ਗਜ਼ ਫਿਰ ਜਾਗ ਪੈਂਦੇ ਹਨ, ਤੇ ਜਹਾਜ਼ ਫਿਰ ਪਾਣੀ ਦੀ ਸਤਹ ਤੇ ਆ ਜਾਂਦਾ ਹੈ, ਇਕ ਜੇਤੂ ਵਾਂਗ, ਇਕ ਮਰਦ ਵਾਂਗ ਜੋ ਹੁਣੇ ਹੁਣੇ ਕਿਸੇ ਦੀਆਂ ਬਾਹਾਂ ਵਿਚ ਢੇਰੀ ਹੋ ਗਿਆ ਸੀ, ਫਿਰ ਇਕ ਸ਼ਕਤੀ ਜਾਗਦੀ ਹੈ, ਨਾਦ ਫਿਰ ਗੂੰਜ ਉਠਦਾ ਹੈ !

ਚਰਕ ਮਯੂਜ਼ਕ ਸਮੇਂ ਅੰਗਰੇਜ਼ ਲੋਕ ਇਕ ਸਾਂਝੀ ਵਿਆਕੁਲ ਜਿਹੀ ਆਵਾਜ਼ ਕਢਦੇ ਹਨ, ਗਲੇ ਵਿਚੋਂ : ਹੂ ! ਹੂ ! ਹਾ ! ਹਾ ! ਦੀਆਂ ਦਰਦਨਾਕ ਆਵਾਜ਼ਾਂ, ਜਿਵੇਂ ਹਜ਼ਾਰਾਂ ਹੀ ਪੀੜਿਤ ਲੋਕ ਈਸਾ ਤੋਂ ਰਹਿਮ ਦੀ ਦਰਖ਼ਾਸਤ ਕਰ ਰਹੇ ਹੋਣ, ਪਾਪ ਕੰਬ ਰਹੇ ਨੇ, ਕੋਈ ਮੁਖੜਾ ਮੁਸਕਰਾ ਰਿਹਾ ਹੈ, ਜਿਵੇਂ ਆਜੜੀ ਆਪਣੀ ਲੰਮੀ ਡਾਂਗ ਦੇ ਆਸਰੇ ਭੇਡਾਂ ਵਲ ਝਾਕ ਰਿਹਾ ਹੋਵੇ।

ਕੈਸਾ ਹੈ ਇਹ ਸੰਗੀਤ !

ਸਵੇਰੇ ਸਵੇਰੇ ਜਦ ਮੰਦਰ ਦੇ ਘੜਿਆਲ ਵਜਦੇ ਨੇ, ਜਾਂ ਗਿਰਜੇ ਦਾ ਘੰਟਾ ਲਗਾਤਾਰ ਵਜੀ ਜਾਂਦਾ ਹੈ ਤਾਂ ਮੈਨੂੰ ਮਹਿਸੂਸ ਹੁੰਦੈ ਜਿਵੇਂ ਕੋਈ ਮੈਨੂੰ ਬੁਲਾ ਰਿਹਾ ਹੋਵੇ। ਆਵਾਜ਼ਾਂ ਬੰਦ ਹੋ ਜਾਂਦੀਆਂ ਨੇ, ਫਿਰ ਮੈਨੂੰ ਸੁਝਦਾ ਨਹੀਂ ਕਿਧਰ ਜਾਵਾਂ। ਕਿਸੇ ਨੇ ਹੁਣੇ ਆਵਾਜ਼ ਦਿੱਤੀ ਸੀ, ਫਿਰ ਇਹ ਆਵਾਜ਼ ਉਸੇ ਅਨੰਤ ਸ਼ੂਨਯ ਵਿਚ ਗੁਆਚ ਜਾਂਦੀ ਹੈ।

ਸੰਗੀਤ ਨੇ ਕੁਝ ਜਗਾਇਆ ਜ਼ਰੂਰ ਸੀ, ਪਰ ਮੈਨੂੰ ਉਹ ਹਿਰਨ ਦੀ ਕਸਤੂਰੀ ਵਾਂਗ ਲੱਭ ਨਹੀਂ ਰਿਹਾ।

ਜਦੋਂ ਕਦੀ ਪੰਨਾ ਲਾਲ ਘੋਸ਼ ਦੀ, ਵਡੇ ਸਾਰੇ ਲਗੋਜ਼ੇ (ਬੰਸਰੀ) ਵਿਚੋਂ ਦਰਦਨਾਕ ਆਵਾਜ਼ ਗੂੰਜਦੀ ਹੈ ਤਾਂ ਮੈਨੂੰ ਜਾਪਦਾ ਹੈ ਕਿ ਉਸ ਦਾ ਕੁਝ ਗੁਆਚ ਗਿਆ

ਹੈ ; ਉਹ ਆਪਣੇ ਦੁਖ ਦੀ ਸੰਵੇਦਨਾ ਵਿਚ ਮੈਨੂੰ ਰੁਲਾਈ ਜਾ ਰਿਹਾ ਹੈ। ਇਹ ਵੇਦਨਾ ਹੀ ਤਾਂ ਕਲਾ ਦਾ ਮੂਲ ਹੈ।

ਕਦੀ ਫੁੱਲ ਖਿੜ ਪਏ ਹਨ, ਕਦੀ ਖਿੜੇ ਫੁੱਲਾਂ ਦੀ ਬਹਾਰ ਵਿਚ ਪੱਤਝੜ ਦੇ ਪੱਤੇ ਮੇਰੇ ਵਿਹੜੇ ਵਿਚ ਆ ਡਿੱਗਦੇ ਨੇ। ਇਹ ਨਿਰਾਕਾਰ ਸ਼ਕਤੀ ਸਾਕਾਰ ਸ਼ਕਤੀਆਂ ਨੂੰ ਨਿਸਲ ਕਰ ਦੇਂਦੀ ਹੈ।

ਸਦੀਆਂ ਦੀ ਦੌੜ ਬਾਅਦ ਸੰਗੀਤ ਹੀ ਮਨੁੱਖ ਦੀ ਮਹਾਨ ਪ੍ਰਾਪਤੀ ਹੈ।

ਇਕ ਵਾਰ ਸੰਤਾ ਸਿੰਘ ਰਾਗੀ ਤੋਂ ਇਕ ਮ੍ਰਿਤੂ ਸਮੇਂ ਮਹੱਲੇ ਨਾਵੇਂ ਦੇ ਸ਼ਲੋਕ ਸੁਣੇ, ਰੋਣ ਠਲ੍ਹਿਆ ਨਾ ਜਾਵੇ ! ਹੁਣ ਬੜੀ ਵਾਰ ਘਰ ਪਈ ਪੋਥੀ ਵਿਚੋਂ ਮੈਂ ਉਹ ਸ਼ਲੋਕ ਪੜ੍ਹੇ ਹਨ, ਉਹ ਭਾਵਨਾ, ਉਹ ਵੇਦਨਾ ਜਾਗਦੀ ਹੀ ਨਹੀਂ। ਉਸ ਦਿਨ ਮੇਰੇ ਇਕ ਮਿੱਤਰ ਦੀ ਮਾਤਾ ਗੁਜ਼ਰੀ ਸੀ, ਸ੍ਵਰਗਵਾਸੀ ਸੰਤਾ ਸਿੰਘ ਮਾਰੂ ਰਾਗ ਦਾ ਅਲਾਪ ਕਰ ਰਹੇ ਸਨ, ਪਤਾ ਨਹੀਂ ਸ਼ਾਇਦ ਕਿਸੇ ਪ੍ਰਲੋਕ ਸਿਧਾਰੇ ਪ੍ਰਿਯ ਦੀ ਯਾਦ ਵਿਚ ਰੋ ਰਹੇ ਸਨ, ਮੈਂ ਰੋ ਪਿਆ ! ਇਹ ਕੌਣ ਹੈ ਜੋ ਸੁੱਤੇ ਵੈਣ ਜਗਾ ਦਿੰਦਾ ਹੈ ! ਕੋਈ ਸ਼ਕਤੀ ਜ਼ਰੂਰ ਹੈ, ਜਿਸ ਦਾ ਆਕਾਰ ਚਾਹ ਦੀ ਕੇਤਲੀ ਵਿਚੋਂ ਨਿਕਲਦੇ ਧੂੰਏਂ ਵਰਗਾ ਹੈ, ਪਰ ਕਿੰਨਾ ਪ੍ਰਬਲ ਹੈ।

ਸ਼ਾਸਤਰੀ ਰਾਗ ਵਿਚ ਇਕ ਪਵਿਤ੍ਰਤਾ ਹੈ ! ਠਾਕੁਰ ਓਂਕਾਰ ਅਲਾਪ ਨਾਲ ਹੀ ਅੱਖਾਂ ਸੇਜਲ ਕਰ ਦੇਂਦੇ ਹਨ, ਬ੍ਰਿਹਾ ਜਗਾ ਦੇਂਦੇ, ਉਨ੍ਹਾਂ ਦੀ ਬੱਦਲ-ਗਰਜਵੀਂ ਆਵਾਜ਼ ਦੇ ਪ੍ਰਭਾਵ ਹੇਠਾਂ ਆਇਆ ਮਾਨਵ ਆਵਾਜ਼ ਦੇ ਉਤਰਾਅ-ਚੜਾਅ ਨਾਲ ਕੁੰਠਿਤ ਹੋ ਜਾਂਦਾ ਹੈ।

ਕਦੀ ਕਦੀ ਕੋਈ ਰਾਗ ਇੰਜ ਜਾਗਦਾ ਹੈ ਜਿਵੇਂ ਮੇਰੇ ਕਮਰੇ ਵਿਚ ਹੀ ਮੋਤੀਏ ਦੀਆਂ ਕਲੀਆਂ ਟਹਿਕ ਪਈਆਂ ਹੋਣ, ਨਰਗਸ ਨੇ ਜਿਵੇਂ ਸਾਰਾ ਆਪਾ ਲੁਟਾ ਦਿੱਤਾ ਹੋਵੇ। ਕਿਸੇ ਕਿਸੇ ਸੁਰ ਵਿਚ ਇਕਲਾਪੇ ਦਾ ਇੰਨਾ ਵੇਗ ਹੁੰਦਾ ਹੈ ਕਿ ਮੈਂ ਸਭ ਬੱਤੀਆਂ ਬੁਝਾ ਕੇ ਸਿਰਫ਼ ਰੇਡੀਓ ਦੇ ਟਿਮਕਦੇ ਬਲਬ ਦੀ ਹੋਂਦ ਵਿਚ ਹੀ ਉਸ ਨੂੰ ਸੁਣਦਾ ਹਾਂ।

ਹੁਣੇ ਮੈਂ ਸੌਂ ਰਿਹਾ ਸਾਂ, ਹੁਣੇ ਹੀ ਸੰਗੀਤ ਨੇ ਜਗਾ ਦਿੱਤਾ ਹੈ।

# ਹੰਝੂ

ਮਨ ਵਿਚ ਭਾਵਨਾਵਾਂ ਦਾ ਰਿੜਕਣ (ਮੰਥਨ) ਹੁੰਦਾ ਹੈ, ਹੰਝੂ ਮੱਖਣ ਬਣ ਕੇ ਚਾਟੀ ਉਪਰ ਆ ਤਰਦਾ ਹੈ।

ਦੁਖ, ਸੁਖ, ਕ੍ਰੋਧ, ਪਿਆਰ, ਮੋਹ, ਕਾਮ, ਘ੍ਰਿਣਾ ਸਭ ਭਾਵਨਾਵਾਂ ਦੀ ਪ੍ਰਤਿਨਿਧਤਾ ਇਹ ਇਕੋ ਰੰਗ (ਬੇਰੰਗ) ਦੀ ਜਲ-ਬੂੰਦ ਨਾਲ ਕਰਦਾ ਹੈ, ਬਾਦ ਹਮੇਸ਼ਾਂ ਖਾਰਾ ! ਸਮੁੰਦਰ ਵਾਂਗ, ਉਸ ਦੀ ਤਹਿ ਵਿਚ ਕਿੰਨੇ ਖਜ਼ਾਨੇ ਨੇ, ਜੀਵ ਜੰਤੂ, ਮੋਤੀ, ਪੰਨੇ ! ਮਨ ਨੂੰ ਵੀ ਸਾਗਰ ਨਾਲ ਉਪਮਾ ਦਿਤੀ ਗਈ ਹੈ, ਇਸ ਦੇ ਹੰਝੂ ਦਾ ਵੀ ਸੁਆਦ ਖਾਰਾ ਹੈ। ਜਦੋਂ ਕੋਈ ਹੰਝੂ ਗੱਲ੍ਹਾਂ ਦੇ ਮੈਦਾਨਾਂ ਨੂੰ ਤਰਦਾ ਹੋਇਆ ਬੁੱਲ੍ਹ ਰੂਪੀ ਪਠਾਰ ਵਿਚ ਆਉਂਦਾ ਹੈ ਤਾਂ ਇਸ ਦਾ ਸੁਆਦ ਬੜਾ ਪਿਆਰਾ ਪਿਆਰਾ ਤੇ ਅਨੋਖਾ ਜਿਹਾ ਲਗਦਾ, ਜਿਵੇਂ ਆਪਣਾ ਬਹੁਰੰਗਾ ਮਨ, ਮੂੰਹ ਵਿਚ ਆ ਗਿਆ ਹੋਵੇ।

ਹੰਝੂ ਬਣਿਆ ਤਾਂ ਪਵਿਤ੍ਰ ਤੇ ਮਾਸੂਮ ਲੋਕਾਂ ਲਈ ਸੀ, ਪਰ ਪਾਖੰਡੀ ਵੀ ਇਸ ਦੀ ਕੁਵਰਤੋਂ ਕਰ ਲੈਂਦੇ ਨੇ। ਹੰਝੂ ਦਾ ਕੀ ਦੋਸ਼ ? ਉਹ ਤਾਂ ਪ੍ਰਭੂ ਵਾਂਗ ਸਭ ਦੇ ਪਰਦੇ ਢਕਦਾ, ਨਿਮਾਣਿਆਂ ਨੂੰ ਮਾਣ ਤੇ ਨਿਤਾਣਿਆਂ ਨੂੰ ਤਾਣ ਬਖ਼ਸ਼ਦਾ ਹੈ।

ਹੰਝੂ ਇਕ ਤ੍ਰਿਪਤੀ ਹੈ, ਇਸ ਨੂੰ ਰੋਕਣਾ ਮਨ ਦੇ ਚਸ਼ਮੇ ਉਤੇ ਪੱਥਰ ਰਖਣਾ ਹੈ, ਬੁੱਲ੍ਹ ਹੋਰ ਹੀ ਤਰ੍ਹਾਂ ਹੋ ਜਾਂਦੇ ਨੇ, ਆਪਣਾ ਆਪ ਸਾਂਭਿਆ ਨਹੀਂ ਜਾਂਦਾ, ਰੱਜ ਕੇ ਰੋ ਲਵੋ, ਜਿਵੇਂ ਤਪਦੀ ਧਰਤੀ ਨੂੰ ਮੀਂਹ ਦੀ ਵਾਛੜ ਨੇ ਵਤਰ ਕਰ ਦਿੱਤਾ ਹੋਵੇ।

ਕਈ ਵਾਰ ਇਹ ਹੰਝੂ ਰੋਕਣੇ ਪੈਂਦੇ ਨੇ। ਕਦੀ ਇਕ ਭਰਾ ਦੀ ਸ਼ਾਦੀ ਤੇ ਮੈਂ ਗਿਆ। ਵਾਪਸੀ ਵੇਲੇ ਭੂਆ ਨੇ ਮੈਨੂੰ ਕਪੜੇ ਦਿਤੇ, ਹੰਝੂਆਂ ਨਾਲ ਉਸ ਦੀਆਂ ਅੱਖਾਂ ਤਰ-ਬ-ਤਰ ਹੋ ਗਈਆਂ, ਉਹ ਪੁੱਤ੍ਰ ਦੇ ਵਿਆਹ ਤੇ ਕੁਸ਼ਗਣੀ ਨਹੀਂ ਸੀ ਕਰਨਾ ਚਾਹੁੰਦੀ। ਪਰ ਕਪੜੇ ਦੇਂਦੇ ਸਮੇਂ ਉਸ ਨੂੰ ਮੇਰੀ ਪਤਨੀ ਦੀ ਅਣਹੋਂਦ ਖਟਕ ਰਹੀ ਸੀ। ਇਕ ਨੂੰਹ

ਘਰ ਆਈ ਸੀ ਦੂਜੀ ਦਾ ਖਿਆਲ ਆ ਗਿਆ ! ਉਹ ਛੇਤੀ ਨਾਲ ਅੰਦਰ ਚਲੀ ਗਈ, ਮੂੰਹ ਪਰਲੇ ਪਾਸੇ ਕਰਕੇ ਉਸ ਦੁੱਪਟਾ ਮੂੰਹ ਅੱਗੇ ਕਰ ਲਿਆ।

ਮੈਂ ਗੁਸਲਖਾਨੇ ਵਿਚ ਜਾ ਕੇ ਅੱਖਾਂ ਤੇ ਛੱਟੇ ਮਾਰੇ ਪਰ ਹੰਝੂ ਬੇਰੰਗ ਹੁੰਦਾ ਹੋਇਆ ਵੀ ਆਪਣੇ ਰੰਗ ਦੀ ਸਿਞਾਣ ਰਖਦਾ ਹੈ। ਇਹ ਰੱਬ ਵਾਂਗ ਸੱਚਾ ਹੈ, ਆਪਣਾ ਆਪ ਛੁਪਾਉਂਦਾ ਨਹੀਂ। ਮਨੁੱਖ ਵਾਂਗ ਇਸ ਨੂੰ ਮੌਕੇ, ਬੇ-ਮੌਕੇ ਤੇ ਸ਼ਗਣ, ਕੁਸ਼ਗਣ ਦਾ ਕੋਈ ਪਤਾ ਨਹੀਂ। ਜਦ ਵੀ ਭੂਆ ਦਾ ਉਹ ਰੂਪ ਮੇਰੀਆਂ ਅੱਖਾਂ ਸਾਹਵੇਂ ਆਉਂਦਾ ਹੈ ਤਾਂ ਮਾਤਾ ਮਰੀਅਮ ਸਾਕਾਰ ਹੋ ਜਾਂਦੀ ਹੈ। ਸੱਚੇ ਹੰਝੂ ਪਵਿਤ੍ਰਤਾ ਦੇ ਸੂਚਕ ਨੇ।

ਬਚਪਨ ਵਿਚ ਅਸੀਂ ਮੀਂਹ ਬਾਰੇ ਦੇਵਤਿਆਂ ਦੇ ਹੰਝੂਆਂ ਦਾ ਕਿਆਸ ਕਰਦੇ। ਇਕ ਵਡੀ ਉਮਰ ਦਾ ਲੜਕਾ ਕਿਹਾ ਕਰਦਾ, "ਦੇਵਤੇ ਰੋਂਦੇ ਨੇ ਤਾਂ ਸਾਡੇ ਉਤੇ ਮੀਂਹ ਪੈਂਦਾ ਹੈ, ਫੇਰ ਫਸਲ ਪੈਦਾ ਹੁੰਦੀ ਏ।" (ਅਜ ਕਲ ਦੇਵਤਿਆਂ ਦੀ ਸਾਡੇ ਉਤੇ ਵੀ ਕ੍ਰਿਪਾ ਹੋਣ ਲਗ ਪਈ ਹੈ।)

ਹੰਝੂ ਦਾ ਜਿਸਮ ਬੜਾ ਨਿਰਬਲ ਹੈ, ਪਰ ਇਹ ਸ਼ਕਤੀਸ਼ਾਲੀ ਤੇ ਕ੍ਰਾਂਤੀਕਾਰੀ ਹੈ। ਦ੍ਰੋਪਦੀ ਦੇ ਹੰਝੂ "ਗੀਤਾ' ਨੂੰ ਜਨਮ ਦੇਂਦੇ ਨੇ, ਰੋਂਦਾ ਭਾਰਤ ਵੇਖ ਕੇ 'ਬਾਬਰਵਾਣੀ' ਦਾ ਆਵੇਸ਼ ਹੁੰਦਾ ਹੈ। ਰਾਮ ਦੇ ਹੰਝੂ ਹਰ ਸੀਤਾ ਲਈ ਅਮੁੱਲ ਮੋਤੀ ਨੇ।

ਵਹਿੰਦੇ ਹੰਝੂਆਂ ਵਿਚ ਜੇ ਕੋਈ ਚਿਹਰਾ ਮੁਸਕਾ ਉਠੇ ਤਾਂ ਅਲੌਕਿਕ ਅਨੂਪਮ ਛਬਿ ਪੈਦਾ ਹੁੰਦੀ ਹੈ।

ਕਦੀ ਕਦੀ ਜੀ ਹੰਝੂਆਂ ਲਈ ਤਰਸਦਾ ਹੈ, ਪਰ ਹੰਝੂ ਨਹੀਂ ਆਉਂਦਾ। ਜੇ ਆ ਜਾਣ ਤਾਂ ਠਲ੍ਹਿਆਂ ਨਹੀਂ ਠਲ੍ਹੇ ਜਾਂਦੇ। ਸਤਲੁਜ ਦਾ ਪਾਣੀ ਭਾਖੜਾ ਬੰਨ੍ਹ ਬਣ ਸਕਦਾ ਹੈ, ਪਰ ਹੰਝੂਆਂ ਉਤੇ ਕਿਹੜਾ ਬੰਨ੍ਹ ਲਾਈਏ। ਇਹ ਤਾਂ ਕਿਸੇ (ਪ੍ਰਭੂ) ਦੀ ਅਮੁੱਲ ਦਾਤ ਨੇ !

# ਚਿੜੀਆਂ, ਗਟਾਰਾਂ ਤੇ ਡਬਲ ਰੋਟੀ

ਜਦ ਕਦੀ ਮੈਂ ਬਹੁਤ ਚਿਰਕਾ ਜਾਗਦਾ ਹਾਂ, ਤਾਂ ਮੇਰੇ ਬੂਹੇ ਅੱਗੇ ਪੰਜ ਚਾਰ ਚਿੜੀਆਂ ਤੇ ਦੋ ਤਿੰਨ ਗਟਾਰਾਂ ਮੇਰੇ ਮੂੰਹ ਵਲ ਝਾਕ ਰਹੀਆਂ ਹੁੰਦੀਆਂ ਹਨ, ਜਿਵੇਂ ਕਹਿ ਰਹੀਆਂ ਹੋਣ :

"ਬੜਾ ਚਿਰਕਾ ਉਠਿਆ ਏਂ ਵੀਰਾ, ਅਸੀਂ ਤਾਂ ਕਿਹੜੇ ਵੇਲੇ ਦੀਆਂ ਆਈਆਂ।" ਮੈਂ ਸ਼ਰਮਿੰਦਾ ਹੋ ਜਾਨਾਂ। ਸਾਡੀ ਜ਼ਬਾਨ ਦੀ ਕੋਈ ਸਾਂਝ ਨਹੀਂ, ਪਰ ਉਹ ਵੀ ਮੇਰੇ ਇਸ ਅਹਿਸਾਸ ਨੂੰ ਸਮਝ ਜਾਂਦੀਆਂ ਨੇ ਤੇ ਆਪਣੀ ਭਾਸ਼ਾ ਵਿਚ ਚੀਂ ਚੀਂ ਕਰਨ ਲਗ ਜਾਂਦੀਆਂ ਹਨ।

ਸਦੀਆਂ ਤੋਂ ਪੰਛੀਆਂ ਨੇ ਨੇਮਾਂ ਨੂੰ ਪਾਲਿਆ ਹੈ ਪਰ ਮਨੁੱਖ ਨੇਮਾਂ ਤੋਂ ਬੇਮੁੱਖ ਹੈ। ਉਹ ਬੇਨੇਮਾ ਹੋ ਕੇ ਨਿਤ ਨਵੇਂ ਤੱਥ ਭਾਲਦਾ ਹੈ, ਪੰਛੀ ਸ਼ਾਇਦ ਇਸੇ ਲਈ ਉਥੇ ਹੀ ਖਲੋਤੇ ਨੇ, ਸਦੀਆਂ ਤੋਂ, ਨੇਮਾਂ ਦੇ ਪਹਿਰੇਦਾਰ, ਰੱਬ ਦੀ ਰਜ਼ਾ ਵਿਚ ਖੁਸ਼ : ਉਹ ਆਪਣੇ ਸੰਗੀਤ ਨਾਲ ਧਰਤੀ ਤੋਂ ਅਸਮਾਨ ਤਕ ਦੀਆਂ ਪੌਣ-ਲਹਿਰਾਂ ਵਿਚ ਥਰਕਣਾਂ ਪੈਦਾ ਕਰਦੇ ਨੇ, ਇਸ ਨੂੰ ਹਵਾ ਵਿਚ ਤੈਰਦੇ ਵੇਖ ਕੇ ਮਨੁੱਖ ਨੇ ਰਾਕਟ ਬਣਾ ਲਏ ਹਨ, ਪਰ ਇਹ ਸੰਤੁਸ਼ਟ ਹਨ, ਆਪਣੀ ਦੁਨੀਆਂ ਵਿਚ ਖੁੱਭੇ ਹੋਏ, ਬੇਨਿਆਜ਼, ਦਰਿਆ ਦੀਆਂ ਲਹਿਰਾਂ ਵਾਂਗ, ਜੋ ਕਲੋਲ ਕਰਦੀਆਂ ਤੇ ਮਜ਼ਾਕ ਕਰਦੀਆਂ ਕੋਲੋਂ ਲੰਘ ਜਾਂਦੀਆਂ ਹਨ।

ਮੇਰੇ ਵਿਹੜੇ ਦੀਆਂ ਇਹ ਪੰਜ-ਛੇ ਚਿੜੀਆਂ ਤੇ ਗਟਾਰਾਂ ਮੇਰਾ ਪਰਿਵਾਰ ਹਨ, ਮੈਨੂੰ ਅਫ਼ਸੋਸ ਹੈ ਕਿ ਮੈਂ ਇਨ੍ਹਾਂ ਨੂੰ ਤਵੇ ਉਤੇ ਪੱਕੀ ਰੋਟੀ ਨਹੀਂ ਪਾ ਸਕਦਾ, ਇਨ੍ਹਾਂ ਨੇ ਵੀ ਆਪਣੇ ਆਪ ਨੂੰ ਮੇਰੇ ਅਨੁਸਾਰ ਢਾਲ ਲਿਆ ਹੈ।

ਮੇਰੇ ਦਾਦੀ ਜੀ ਰੋਟੀ ਖਾਂਦੇ ਸਮੇਂ ਹਰ ਰੋਜ਼ ਅੱਧੀ ਰੋਟੀ ਬਚਾ ਲੈਂਦੇ ਹਨ ਤੇ ਭੋਰ ਭੋਰ ਕੇ ਪੰਛੀਆਂ ਨੂੰ ਪਾਉਂਦੇ ਹਨ, ਉਹ ਕਹਿੰਦੇ ਹਨ : "ਕਾਕਾ ਜੀਵ ਹੀ ਜੀਵ ਦਾ ਦਾਰੂ ਹੈ, ਇਨ੍ਹਾਂ ਪੰਛੀਆਂ ਨੂੰ ਟੁਕਰ ਪਾ ਕੇ ਅਸੀਂ ਪਰਮਾਤਮਾ ਦਾ ਕਰਜ਼ਾ ਉਤਾਰਦੇ ਹਾਂ।"

ਮੈਨੂੰ ਯਾਦ ਨਹੀਂ ਕਿ ਮੈਂ ਰੱਬ ਦਾ ਕੋਈ ਕਰਜ਼ਾ ਦੇਣਾ ਹੈ, ਪਰ ਅਚੇਤ ਹੀ ਮੈਂ ਇਹ ਆਦਤ ਦਾਦੀ ਜੀ ਤੋਂ ਅਪਨਾ ਲਈ ਹੈ। ਚਿੜੀਆਂ-ਗਟਾਰਾਂ ਨੂੰ ਪੂਰਾ ਭਰੋਸਾ ਹੈ ਜੇ ਅੱਜ ਡਬਲ ਰੋਟੀ ਮਿਲਦੀ ਹੈ ਤਾਂ ਕਦੀ "ਪੱਕੀ ਰੋਟੀ" ਵੀ ਮਿਲੇਗੀ। ਭੋਲੇ ਪੰਛੀਆਂ ਨੂੰ ਪਤਾ ਨਹੀਂ ਕਿ ਇਸਲਾਮੀ ਵਿਸ਼ਵਾਸ ਅਨੁਸਾਰ ਪੱਕੀ ਰੋਟੀ, ਰੱਬ ਦੀ ਪ੍ਰਾਪਤੀ ਦਾ ਪ੍ਰਤੀਕ ਹੈ। ਰੱਬ ਦਾ ਮਿਲਣਾ ਇੱਡਾ ਸੌਖਾ ਨਹੀਂ।

ਜਦ ਮੈਂ ਬਾਹਰ ਗਿਆ ਹੁੰਨਾਂ, ਤਾਂ ਇਹ ਚਿੜੀਆਂ-ਗਟਾਰਾਂ, ਮੇਰੀ ਮਾਲਕ-ਮਕਾਨ ਲਈ ਇਕ ਪ੍ਰਕਾਰ ਦੀ ਮੁਸੀਬਤ ਹੀ ਬਣ ਜਾਂਦੀਆਂ ਹਨ। ਪਰ ਉਹ ਵੀ ਇਨ੍ਹਾਂ ਦੀ ਪਾਲਨਾ ਕਰਦੀ ਹੈ। ਉਹ ਕਹਿੰਦੀ ਹੈ ਕਿ ਮੈਨੂੰ ਇਹ "ਕੰਜਕਾਂ" ਪ੍ਰਤੀਤ ਹੁੰਦੀਆਂ ਨੇ, ਕੰਜਕਾਂ ਨੂੰ ਘਰ ਬੁਲਾ ਕੇ ਰੋਟੀ ਖਵਾਉਣਾ ਬੜਾ ਪੁੰਨ ਦਾ ਕੰਮ ਹੈ।

ਕਦੀ ਕਦੀ ਇਨ੍ਹਾਂ ਚਿੜੀਆਂ ਤੇ ਗਟਾਰਾਂ ਵਿਚ ਇਕ ਕਾਲਾ ਕਾਂ ਵੀ ਆ ਬੈਠਦਾ ਹੈ। ਇਹ ਡਰ ਕੇ ਅਮਰੂਦ ਦੇ ਪੱਤਿਆਂ ਵਿਚ ਲੁੱਕ ਜਾਂਦੀਆਂ ਹਨ। ਸਿਰਫ਼ ਇਕੋ ਗਟਾਰ ਬੈਠੀ ਰਹਿੰਦੀ ਹੈ, ਇਕ ਦਿਨ ਧਿਆਨ ਨਾਲ ਵੇਖਿਆ, ਉਸ ਗਟਾਰ ਦੇ ਸਿਰ ਦੇ ਖੰਭਾਂ (ਵਾਲਾਂ) ਵਿਚ ਇਕ ਚਿੱਟੀ ਲਿਟ ਸੀ, ਬਿਲਕੁਲ ਇੰਦਰਾ ਗਾਂਧੀ ਦੇ ਕਾਲੇ ਵਾਲਾਂ ਵਿਚ ਲਿਸ਼ਕਦੀ ਚਿੱਟੀ ਲਿਟ ਵਾਂਗ। ਅਸਲ ਵਿਚ ਚਿੱਟੇ ਵਾਲਾਂ ਨੂੰ ਕੋਈ ਡਰ ਨਹੀਂ। ਇਹ ਡੂੰਘੇ ਤਜਰਬੇ ਕਾਰਣ ਨਿਡਰ ਹੋ ਜਾਂਦੇ ਹਨ।

ਇਹ ਕਾਲਾ ਕਾਂ ਮੈਨੂੰ ਉਸ ਗੋਰੇ ਅੰਗ੍ਰੇਜ਼ ਵਰਗਾ ਲਗਦਾ ਹੈ, ਜਿਸ ਦੀ ਆਮਦ ਕਾਰਣ ਸਾਡੇ ਦੇਸ਼ ਦੇ ਲੋਕ ਚਿੜੀਆਂ ਤੇ ਗਟਾਰਾਂ ਬਣ ਗਏ ਸਨ। ਕੋਈ ਕੋਈ ਬੁੱਢੀ ਗਟਾਰ ਵਰਗੇ ਨਿਡਰ ਵੀ ਸਨ।

ਅੱਜ ਕਲ੍ਹ ਵੀ ਸਾਡੀਆਂ ਚਿੜੀਆਂ ਤੇ ਗਟਾਰਾਂ ਵਿਚ "ਕਾਲੇ ਕਾਂ" ਆਪਣੀ ਅਜਾਰਾਦਾਰੀ ਬਣਾਈ ਬੈਠੇ ਹਨ।

ਮੈਂ ਹਰ ਵਾਰ ਇਸ ਕਾਲੇ ਕਾਂ ਨੂੰ ਉਡਾ ਦਿੰਦਾ ਹਾਂ। ਉਹ ਕਾਣੀ ਅੱਖ ਨਾਲ ਮੈਨੂੰ ਘੂਰਦਾ ਬਨੇਰੇ 'ਤੇ ਜਾ ਬੈਠਦਾ ਹੈ। ਚਿੜੀਆਂ ਤੇ ਗਟਾਰਾਂ, ਅਮਰੂਦ ਤੋਂ ਫਿਰ ਥੱਲੇ

ਆ ਜਾਂਦੀਆਂ ਹਨ, ਜਿਵੇਂ ਹੜ੍ਹ ਲੰਘ ਜਾਣ ਬਾਅਦ, ਪਿੰਡਾਂ ਦੇ ਲੋਕ ਫਿਰ ਉਸੇ ਜ਼ਮੀਨ ਵੱਲ ਤੁਰ ਪੈਂਦੇ ਹਨ ਜੋ ਸਦੀਆਂ ਤੋਂ ਉਨ੍ਹਾਂ ਨੂੰ ਪਾਲਦੀ ਰਹੀ ਹੈ।

ਅੰਗ੍ਰੇਜ਼ੀ ਦੀ ਇਕ ਕਵਿਤਾ (Prisoner of Chillon) ਵਿਚ ਇਕ ਕੈਦੀ ਸਾਰੀ ਉਮਰ ਵਿਚ ਕਾਲ-ਗੁਫ਼ਾ ਵਿਚ ਰਹਿੰਦਾ ਹੈ। ਉਥੋਂ ਦੇ ਗਾਲ੍ਹੜ, ਚੂਹੇ ਤੇ ਹੋਰ ਇਸੇ ਪ੍ਰਕਾਰ ਦੇ ਜੀਵ-ਜੰਤੂ ਉਸ ਦੇ ਪਰਮ ਮਿਤ੍ਰ ਬਣ ਜਾਂਦੇ ਹਨ, ਉਸ ਦੇ ਬਾਟੇ ਵਿਚ ਪਈ ਰੋਟੀ ਦੇ ਭਾਈਵਾਲ। ਜਦ ਉਸ ਦੇ ਮੁਕਤੀਦਾਤਾ ਆਉਂਦੇ ਹਨ ਤਾਂ ਉਹ ਇਨ੍ਹਾਂ ਜੀਵ-ਜੰਤੂਆਂ ਤੇ ਜ਼ੰਜੀਰਾਂ ਨੂੰ ਵੇਖ ਕੇ ਰੋ ਪੈਂਦਾ ਹੈ। ਵਿਛੋੜਾ ਬੜਾ ਜ਼ਾਲਮ ਹੈ। ਇਸੇ ਤਰ੍ਹਾਂ ਜਦ ਕਦੀ ਮੈਂ ਮਕਾਨ ਬਦਲਣ, ਸ਼ਹਿਰ ਜਾਂ ਨੌਕਰੀ ਬਦਲਣ ਦੀ ਗੱਲ ਸੋਚਦਾ ਹਾਂ ਤਾਂ ਇਹ ਚਿੜੀਆਂ ਤੇ ਗਟਾਰਾਂ ਦੀ ਚੁੱਪ-ਤੱਕਣੀ ਮੇਰੇ ਪੈਰਾਂ ਵਿਚ ਜ਼ੰਜੀਰਾਂ ਪਾ ਦੇਂਦੀ ਹੈ-ਪਰ ਜਾਣ ਵਾਲੇ ਨੂੰ ਕੌਣ ਰੋਕੇਗਾ? ਚਿੜੀਆਂ ਤੇ ਗਟਾਰਾਂ ਨਾਲ ਵਿਹੜੇ ਚਹਿਕਦੇ ਰਹਿਣਗੇ, ਜਾਣ ਵਾਲੇ ਟੁਰ ਜਾਣਗੇ। ਫਿਰ ਸ਼ਾਇਦ ਇਨ੍ਹਾਂ ਨੂੰ ਕੋਈ ਪੱਕੀ ਰੋਟੀ ਪਾਣ ਵਾਲਾ ਮਿਲ ਜਾਵੇ।

# ਸਲੀਬ 'ਤੇ ਟੰਗਿਆ ਖ਼ੁਦਾ

ਜਦੋਂ ਦਾ ਮਨੁੱਖ ਨੇ ਰੱਬ ਦੇ ਸੰਕਲਪ ਨੂੰ ਜਨਮ ਦਿੱਤਾ ਹੈ ਉਦੋਂ ਤੋਂ ਹੀ ਰੱਬ ਨੂੰ ਸਲੀਬ 'ਤੇ ਟੰਗ ਰੱਖਿਆ ਹੈ। ਅਗਿਆਤ ਸਦੀਆਂ ਪਹਿਲਾਂ ਕਬੀਲਿਆਂ ਵਿਚ ਵੰਡਿਆ ਮਨੁੱਖ ਆਪਣੇ ਆਪਣੇ ਇਸ਼ਟਾਂ ਨੂੰ ਨਮਸਕਾਰ ਕਰਕੇ ਆਪਣੇ ਸਾਧਾਰਣ ਕਾਰ-ਵਿਹਾਰ ਕਰਦਾ ਰਹਿੰਦਾ ਸੀ-ਸਾਦਾ ਜੀਵਨ ਸੀ, ਭੋਜਨ-ਭੋਗ ਵਿਚੋਂ ਹੀ ਉਸ ਨੂੰ ਮੋਕਸ਼ ਪ੍ਰਾਪਤ ਹੋ ਜਾਂਦਾ ਹੈ ਪਰ ਮਾਨਸ ਤਾਂ ਹਰ ਸਮੇਂ ਨਵੀਆਂ ਸੋਚਾਂ ਨੂੰ ਜਨਮ ਦੇਂਦਾ ਹੈ। ਪ੍ਰਕਿਰਤੀ ਨੂੰ ਪੂਜਦਿਆਂ ਉਸ ਨੇ ਇਸ ਅਤਿ ਸੂਖਮ ਤੇ ਪਿਆਰੇ ਰੂਪ ਵੇਖੇ, ਪਰ ਜਦੋਂ ਪ੍ਰਕਿਰਤੀ ਨਾਰਾਜ਼ ਹੋ ਜਾਂਦੀ ਤਾਂ ਦਰਿਆਵਾਂ, ਸਮੁੰਦਰ ਕਿਨਾਰੇ ਵਸਦੀਆਂ ਸਭਿਆਤਾਵਾਂ ਦਾ ਨਾਮੋ-ਨਿਸ਼ਾਨ ਮਿਟ ਜਾਂਦਾ। ਸਮੁੰਦਰ ਦੀ ਹਿੱਕ 'ਤੇ ਤੁਰਦੇ ਵੱਡੇ ਵੱਡੇ ਬੇੜੇ, ਇਕੋ ਛਲ ਦੇ ਥਪੇੜੇ ਨਾਲ ਆਕਾਸ਼ ਵੱਲ ਉਡਦੇ ਤੇ ਥੱਲੇ ਆਉਂਦਿਆਂ ਤਕ ਪਾਸ਼ ਪਾਸ਼ ਹੋ ਜਾਂਦੇ। ਮਨੁੱਖ ਸੋਚਦਾ ਕੁਝ, ਪਰ ਉਸ ਦੇ ਉਲਟ ਕੁਝ ਹੋਰ ਹੀ ਵਾਪਰ ਜਾਂਦਾ। ਦੁਨੀਆਂ ਦੇ ਮਹਾਂ-ਜੇਤੂ ਖਾਲੀ ਹੱਥ ਝਾੜ ਕੇ ਪਤਾ ਨਹੀਂ ਕਿੱਧਰ ਟੁਰ ਗਏ। ਮਿਸਰ ਦੇ ਬਾਦਸ਼ਾਹਾਂ ਨੂੰ ਮਰਿਆ ਵੇਖ ਕੇ ਉਨ੍ਹਾਂ ਦੇ ਅਨਿਨ-ਵਿਸ਼ਵਾਸੀਆਂ ਨੇ ਉਨ੍ਹਾਂ ਨੂੰ ਮਸਾਲੇ ਲਾ ਕੇ, ਹਵਾ-ਰਹਿਤ ਮੀਨਾਰਾਂ ਵਿਚ ਲਿਟਾ ਦਿੱਤਾ। ਸ਼ਾਇਦ ਇਹ ਮਹਾਂ-ਬਲੀ ਫਿਰ ਜਾਗ ਪੈਣ। ਬੜੀ ਵਚਿਤ੍ਰ ਲੀਲਾ ਸੀ ਜਿਸ ਨੂੰ, ਮਨੁੱਖ ਅੱਜ ਤਕ ਨਹੀਂ ਸਮਝ ਸਕਿਆ। ਮੁੱਢ ਤੋਂ ਸ਼ਕਤੀਵਾਨ (ਸਾਕਤ) ਨੇ ਸ਼ਕਤੀਹੀਣ ਨੂੰ ਲਿਤਾੜਿਆ, ਅਣਮਿਤ ਧਰਤੀ ਦੀ ਅਜਾਰਾਦਾਰੀ ਕਾਇਮ ਕੀਤੀ। ਆਪਣੇ ਨਾਮ ਦੀ ਮਾਲਾ ਜਪਾਈ।

ਪਰ ਹਾਰ ਕੇ ਮਨੁੱਖ ਨੇ ਕਿਸੇ ਅਦਿਖ ਸਿਰਜਨਹਾਰ ਦਾ ਸੰਕਲਪ ਪੈਦਾ ਕਰ ਲਿਆ। ਇਹ ਰੱਬ, ਪ੍ਰਭੂ, ਗਾਡ ਜਦ ਤੋਂ ਜਨਮਿਆ, ਪਹਿਲਾਂ ਇਸ ਵਿਚਾਰ ਨੂੰ ਪੇਸ਼ ਕਰਨ ਵਾਲੇ ਬੰਦੇ ਫਾਹੇ ਲਗੇ, ਫਿਰ ਇਸ ਵਿਚਾਰ ਦੇ ਅਨੁਆਈ ਆਪਣੇ ਵਿਚਾਰ ਦੀ ਸ੍ਰੇਸ਼ਟਤਾ ਪ੍ਰਮਾਣਿਤ ਕਰਨ ਲਈ ਸਦੀਆਂ ਤਕ ਲੜੇ, ਅੱਜ ਵੀ ਲੜ ਰਹੇ ਹਨ, ਪਰ

ਖ਼ੁਦਪਰਸਤ ਆਦਮੀ ਨੇ ਅਖੀਰ ਰੱਬ ਨੂੰ ਹੀ ਸਲੀਬ 'ਤੇ ਟੰਗ ਦਿੱਤਾ। ਕਿੱਲ ਵਿਚ ਐਸੇ ਜੜੇ ਨਾ ਉਹ ਮਰੇ ਨਾ ਜੀਵੇ। ਉਸ ਦੇ ਨਾਮ 'ਤੇ ਮਹਿਲ-ਅਟਾਰੀਆਂ ਪਾਈ ਗਏ ਤੇ ਉਸ ਨਿਮਾਣੇ ਨੂੰ ਟੰਗੀ ਹੀ ਰੱਖਿਆ, ਉਸ ਦਾ ਭੈ ਵਿਖਾ ਕੇ ਕੁਝ ਚੰਗੇ ਇਨਸਾਨਾਂ ਚੰਗੀਆਂ ਕਦਰਾਂ-ਕੀਮਤਾਂ ਵੀ ਕਾਇਮ ਕੀਤੀਆਂ।

ਹਰ ਚੰਗੇ ਵਿਚਾਰ ਦਾ ਸਰੋਵਰ, ਖੜੋਤ ਵਿਚ ਆ ਕੇ ਬੋ ਮਾਰਨ ਲਗ ਜਾਂਦਾ ਹੈ। ਇਸ ਖਿਆਲ ਦੇ ਵਿਰੋਧੀਆਂ ਨੂੰ 'ਦੁਸ਼ਟ' ਤੇ 'ਨਾਸਤਕ' ਆਖ ਕੇ ਤ੍ਰਿਸਕਾਰਿਆ ਗਿਆ। ਰੱਬ ਤਾਂ ਸਲੀਬ 'ਤੇ ਟੰਗਿਆ ਹੈ, ਨਾ ਉਹ ਕਿਸੇ ਦੀ ਮਦਦ ਕਰ ਸਕਦਾ ਹੈ। ਨਾ ਵਿਨਾਸ਼ ਕਰ ਸਕਦਾ ਹੈ। ਭਰਤ ਨੇ ਰਾਮ ਜੀ ਦੀਆਂ ਖੜਾਵਾਂ ਰੱਖ ਕੇ ਰਾਜ ਕੀਤਾ, ਇਹ ਪਾਂਡੇ, ਮੁਲਾਣੇ, ਪਾਦਰੀ, ਭਾਈ-ਉਗ-ਪਤਾਲ ਦੀਆਂ ਬਾਤਾਂ ਸੁਣਾ ਸੁਣਾ ਕੇ ਆਪਣੇ ਭਰਾਵਾਂ ਨੂੰ ਉੱਲੂ ਬਣਾ ਰਹੇ ਹਨ, ਪਰ ਲੋਕ ਉੱਲੂ ਬਣ ਕੇ ਵੀ ਬੜੇ ਖੁਸ਼ ਹਨ। ਸਗੋਂ ਆਪ ਲੱਭਦੇ ਨੇ ਕੋਈ ਉੱਲੂ ਬਣਾਉਣ ਵਾਲਾ ਮੁਰਸ਼ਦ ਮਿਲੇ, ਉਸ ਦੇ ਚਰਨੀ ਢਹਿ ਪੈਂਦੇ ਹਨ, ਉਸ ਦੇ ਗੰਦੇ ਪੈਰਾਂ ਦਾ ਚਰਨਾਮਿਤ ਪੀ ਕੇ, ਨੀਮ ਬਿਮਾਰ ਹੋ ਕੇ ਸ਼ੀਘਰ-ਮੌਤ ਦਾ ਸਾਮਾਨ ਤਿਆਰ ਕਰਦੇ ਨੇ !

ਪਰ ਇਹ ਮਨੁੱਖ ਹੈ ਬਹੁਤ ਵਿਧੀਕਾਰ :

ਇਸ ਨੇ ਖ਼ੁਦਾ ਦੇ ਨਾਮ 'ਤੇ ਐਸੇ ਐਸੇ ਵਿਸ਼ਾਲ ਆਸ਼ਰਮ ਕੀਤੇ ਹਨ ਕਿ ਉਥੇ ਜਾ ਕੇ ਮਨੁੱਖ ਸਚਮੁੱਚ ਹੀ ਕੁਝ ਪਲ ਤਾਂ ਦੁਨੀਆਂ ਭੁੱਲ ਜਾਂਦਾ ਹੈ। ਇਕ ਵਾਰ ਮੈਂ ਯਾਤਰਾ ਦੌਰਾਨ ਗੋਆ ਦੇ ਸਭ ਤੋਂ ਵੱਡੇ ਗਿਰਜਾ ਘਰ (ਕੈਥਡਰਿਲ) ਗਿਆ, ਉਸ ਦੀ ਵਿਸ਼ਾਲਤਾ ਤੇ ਵੈਭਵ ਵੇਖ ਕੇ ਹੀ ਵਿਸਮਾਦਿਤ ਹੋ ਗਿਆ, ਉਸ ਦੀਆਂ ਅੰਦਰਲੀਆਂ ਕੰਧਾਂ 'ਤੇ ਸੋਨ-ਪਤਰਿਆਂ ਵਿਚ ਈਸਾ-ਜੀਵਨ ਦੇ ਚਿੱਤਰ ਸਾਰੇ ਵਾਤਾਵਰਣ ਨੂੰ ਸੂਰਜਮੁਖੀ ਫੁੱਲ ਬਣਾ ਰਹੇ ਸਨ। ਸਾਰਾ ਗਿਰਜਾ ਕਈ ਘੰਟਿਆਂ ਵਿਚ ਮੁਸ਼ਕਲ ਨਾਲ ਹੀ ਵੇਖਿਆ ਜਾ ਸਕਦਾ ਹੈ। ਉਥੇ ਸਭ ਤੋਂ ਵੱਡੇ ਫਾਦਰ (ਪਾਦਰੀ) ਵੀ ਮਿਲੇ। ਮੈਂ ਪੁੱਛ ਹੀ ਲਿਆ, "ਖ਼ੁਦਾ ਕੇ ਘਰ ਕੇ ਲੀਏ ਆਪ ਨੇ ਬਹੁਤ ਜ਼ਮੀਨ ਘੇਰ ਰੱਖੀ ਹੈ।" ਫਾਦਰ ਨੇ ਸਹਿਜ-ਸੁਭਾ ਹੀ ਉੱਤਰ ਦਿੱਤਾ, "ਦੁਨੀਆਂ ਕੇ ਬਾਪ ਕਾ ਘਰ ਹੈ, ਕੁਛ ਬੜਾ ਹੀ ਹੋਨਾ ਚਾਹੀਏ।"

ਭਾਰਤ ਦੇ ਮੰਦਰਾਂ ਦੀ ਲੀਲਾ ਵੀ ਅਪਰੰਪਾਰ ਹੈ। ਰੱਬ ਵਿਚਾਰਾ ਤਾਂ ਸਹਿਕ ਰਿਹਾ ਹੈ ਪਰ ਇਨ੍ਹਾਂ ਵਿਚੋਂ ਕਿਤੇ ਸ਼ਿਵ ਜੀ ਸੁੰਨ-ਸਮਾਧ ਵਿਚ ਬੈਠੇ ਹਨ, ਚਾਰ ਭੁਜਾਵਾਂ ਵਾਲੀ ਦੇਵੀ ਦੇ ਦਰਸ਼ਨਾਂ ਲਈ ਬਿਹਬਲ ਲੋਕ ਕਈ ਦਿਨਾਂ ਦੀ ਕਰੜੀ ਯਾਤਰਾ ਕਰ ਕੇ ਮੂਰਤੀ ਦੇ ਦਰਸ਼ਨ ਕਰਦੇ ਹਨ। ਕੁੰਭ ਦੇ ਮੇਲੇ ਸਮੇਂ ਕਿਸੇ ਖਾਸ ਘਾਟ 'ਤੇ ਇਸ਼ਨਾਨ ਕਰਨ ਲਈ ਲੱਖਾਂ ਦੀ ਭੀੜ ਵਿਚ ਹਜ਼ਾਰਾਂ ਬੰਦੇ ਲਿਤਾੜੇ ਜਾਂਦੇ ਹਨ। ਦੱਖਣ ਭਾਰਤ ਦੇ ਮੰਦਰਾਂ ਵਿਚ ਦੇਵ-ਦਾਸੀਆਂ ਦੀ ਭੇਟਾ ਤੇ ਸ਼ੋਸ਼ਨ ਅੱਜ ਵੀ ਜਾਰੀ ਹੈ। ਹੱਜ ਸਮੇਂ ਕਰੋੜਾਂ ਲੋਕ ਇਕ ਪੱਥਰ ਨੂੰ ਚੁੰਮਣਾ ਚਾਹੁੰਦੇ ਹਨ, ਕਈ ਹੱਜ ਦੀ ਯਾਤਰਾ ਸਮੇਂ ਰਾਹ ਵਿਚ ਹੀ ਦਰਗਾਹੇ ਪਹੁੰਚ ਜਾਂਦੇ ਸਨ। ਅੱਲਾ ਵਿਚਾਰਾ ਕੀ ਕਰੇ। ਜਿਸ ਗੁਰੂ ਨੇ ਤੀਰਥ-ਇਸ਼ਨਾਨ ਦੀ ਨਿਖੇਧੀ ਕੀਤੀ ਸੀ, ਉਸੇ ਦੇ ਨਾਮ 'ਤੇ ਬਣਾਏ ਸਰੋਵਰਾਂ ਵਿਚ ਇਸ਼ਨਾਨ ਦੀ ਵਾਰੀ ਨਹੀਂ ਆਉਂਦੀ।

ਸਲੀਬ 'ਤੇ ਲਟਕਦਾ ਰਿਹਾ ਰੱਬ ਸਹਿਕਦਾ ਹੋਇਆ ਵੀ ਮੁਸਕਰਾ ਰਿਹਾ ਹੈ। ਉਹ ਕਿਸ ਨੂੰ ਕਹੇ ਕਿ ਮੇਰਾ ਕੋਈ ਵਜੂਦ ਨਹੀਂ ਜੇ, ਮੈਨੂੰ ਕਲਪਿਤ ਰੂਪ ਦੇ ਕੇ ਕਿਉਂ ਕੋਹ ਰਹੇ ਹੋ ?

ਉਹ ਮੁਸਕਰਾ ਰਿਹਾ ਹੈ, ਕਿਉਂਕਿ ਉਸ ਦੀ ਮਹਿਮਾ ਵਿਚ ਅਖੰਡ ਕੀਰਤਨ ਹੋ ਰਹੇ ਹਨ। ਪੂਜਾ-ਭਵਨਾਂ ਵਿਚ ਅਗਰਬੱਤੀਆਂ ਦੀ ਸੁਗੰਧ ਤੇ ਰਾਗ ਦੇ ਉਸਮਾਦ ਵਿਚ ਮਸਤੀ ਦਾ ਪ੍ਰਸ਼ਾਦ ਵੰਡਿਆ ਜਾ ਰਿਹਾ ਹੈ। ਪ੍ਰਕਿਰਤੀ ਦੇ ਆਪਣੇ ਕਿਸੇ ਗੇੜ ਅਨੁਸਾਰ ਮਨੁੱਖ ਨੂੰ ਦੁੱਖ-ਸੁੱਖ ਮਿਲਦੇ ਹਨ, ਪਰ ਇਸ ਸਭ ਨੂੰ ਪ੍ਰਭੂ ਦੀ ਦੇਣ ਸਮਝ ਕੇ ਮੱਥੇ ਰਗੜ ਰਿਹਾ ਹੈ। ਜਿਸ ਨੂੰ ਸਜਦਾ ਕਰ ਰਿਹੈ, ਉਸ ਬਾਰੇ ਉਸ ਨੂੰ ਕੋਈ ਪਤਾ ਨਹੀਂ। ਉਹ ਤਾਂ ਸਦੀਆਂ ਤੋਂ ਕੋਹਿਆ ਜਾ ਰਿਹੈ। ਪਰ ਜਿਹੜਾ ਇਸ ਨਿਜ਼ਾਮ ਦੇ ਖਿਲਾਫ ਬੋਲੇਗਾ, ਉਹ ਵੀ ਸਲੀਬ 'ਤੇ ਟੰਗਿਆ ਜਾਵੇਗਾ।

ਸੋ ਚੁੱਪ ਹੀ ਭਲੀ ਹੈ।

# ਦੋਸਤੀ

ਦੋਸਤੀ, ਚੜ੍ਹੇ ਦਿਨ ਵਰਗਾ ਐਲਾਨ ਹੈ। ਇਹ ਗੁਪਤ ਨਹੀਂ ਹੁੰਦੀ। ਜਦੋਂ ਕੋਈ ਦੋਸਤ ਤੁਹਾਡੇ ਕੰਨ ਵਿਚ ਕਹਿੰਦਾ ਹੈ, "ਵਿਚੋਂ ਮੈਂ ਤੇਰੇ ਨਾਲ ਹਾਂ, ਪਰ ਬਾਹਰੋਂ ਵਿਰੋਧ ਕਰਾਂਗਾ ਚਿੰਤਾ ਨਾ ਕਰੀਂ।" ਉਦੋਂ ਸਮਝੋ ਕਿ ਦੋਸਤੀ ਨਹੀਂ ਸਾਜ਼ਸ਼ ਹੈ। ਇਸ ਤਰ੍ਹਾਂ ਦੀ ਰਾਜਨੀਤੀ ਸ਼ੁੱਧ ਦੋਸਤੀ ਵਿਚ ਨਹੀਂ ਚਲਦੀ। ਅਜਿਹੇ ਦੋਸਤ ਇਹੋ ਗੱਲ ਦੂਜੇ ਦੇ ਕੰਨ ਵਿਚ ਵੀ ਕਹਿੰਦੇ ਹਨ।

ਇਸੇ ਤਰ੍ਹਾਂ ਦੁਸ਼ਮਣੀ ਵੀ ਨਗਾਰੇ 'ਤੇ ਲਗੀ ਚੋਟ ਵਾਂਗ ਐਲਾਨ ਹੁੰਦਾ ਹੈ। ਵਿਚੋਂ ਵਿਚ ਮੋਰੀਆਂ ਕਰਨ ਵਾਲਾ ਮਨੁੱਖ ਨਹੀਂ, ਤਰਖਾਣ ਦਾ ਵਰਮਾ ਹੁੰਦਾ ਹੈ। ਮੈਨੂੰ ਤਾਂ ਉਹ ਦੁਸ਼ਮਣ ਵੀ ਪਿਆਰਾ ਲਗਦਾ ਹੈ ਜੋ ਚੌਂਕ ਵਿਚ ਖੜੇ ਕੇ ਵੰਗਾਰੇ-ਗੁਪਤ ਸਾਜ਼ਸ਼ਾਂ ਕਰਕੇ ਦੁਸ਼ਮਣੀ ਕਰਨਾ ਬੁਜ਼ਦਿਲੀ ਹੈ, ਮਨੁੱਖਾਂ ਦੀ ਕਰਨੀ ਨਹੀਂ। ਅਜਿਹੇ ਦੁਸ਼ਮਣ ਨੂੰ ਵੀ ਦੋਸਤ ਆਖ ਦੇਈਏ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਦੋਸਤੀ ਅਜਿਹੀ ਮਹਿਕ ਹੈ, ਜਿਵੇਂ ਕਪੜਿਆਂ ਨੂੰ ਕਿਸੇ ਦਿਨ ਅਤਿ ਕੀਮਤੀ ਸੈਂਟ ਦੀ ਬੂੰਦ ਲਗਾ ਲਈਏ, ਅਨੇਕ ਅਨੇਕ ਧੋਣਾਂ ਤੋਂ ਬਾਅਦ ਵੀ ਉਹ ਮਹਿਕ ਨਹੀਂ ਖਿੰਡਦੀ, ਕਪੜਿਆਂ ਦੀਆਂ ਤੰਦਾਂ ਵਿਚ ਸਮਾਂ ਜਾਂਦੀ ਹੈ।

ਦੋ ਵਿਅਕਤੀ ਸੈਂਕੜੇ ਹਜ਼ਾਰਾਂ ਮੀਲ ਦੂਰ ਵੱਖ ਵੱਖ ਥਾਵਾਂ ਤੇ ਜਨਮ ਲੈਂਦੇ ਹਨ, ਅਚਾਨਕ ਕਿਸੇ ਮੋੜ 'ਤੇ ਮਿਲਦੇ ਹਨ, ਸਦਾ ਲਈ ਇਕ ਹੋ ਜਾਂਦੇ ਹਨ। ਦੋਸਤੀ ਵਿਚ ਕੋਈ ਹੱਦ ਨਹੀਂ, ਕੋਈ ਪਰਦਾ ਨਹੀਂ, ਕੋਈ ਸ਼ਰਤ ਨਹੀਂ। ਦੋਸਤੀ ਕੇਵਲ ਦੋਸਤੀ ਹੀ, ਅੰਗ੍ਰੇਜ਼ੀ ਦਾ ਮੁਹਾਵਰਾ “A Friend in need is a friend indeed” ਕਿਸੇ ਪਦਾਰਥਵਾਦੀ ਕੌਮ ਦੀ ਉਪਜ ਹੈ। ਕੰਮ ਤਾਂ ਰਾਹ ਜਾਂਦੇ ਲੋਕ ਵੀ ਆ ਜਾਂਦੇ ਹਨ, ਪਰ ਉਹ ਦੋਸਤ ਕਿਉਂ ਨਹੀਂ ਬਣਦੇ। ਕਈ ਵਾਰ ਪਰਮ ਮਿਤਰ, ਜਿਗਰੀ ਯਾਰ, ਦੁਖ ਤਕਲੀਫ਼ ਵੇਲੇ ਸਾਡੇ ਕੰਮ ਨਹੀਂ ਆਉਂਦੇ-ਪਰ ਦੋਸਤੀ ਨੂੰ ਆਂਚ ਨਹੀਂ ਆਉਂਦੀ। ਕੰਮ

ਆਉਣਾ ਤਾਂ ਹਰ ਮਨੁੱਖ ਦਾ ਸਦਾਚਾਰਕ ਫ਼ਰਜ਼ ਹੈ, ਦੋਸਤੀ ਦੀ ਕਸਵੱਟੀ ਕੇਵਲ ਇਹ ਨਹੀਂ।

ਦੋਸਤੀ ਵਿਚ ਜਦੋਂ ਟੈਲੀਪੈਥੀ ਦਾ ਅਹਿਸਾਸ ਹੋਵੇ ਤਾਂ ਇਸ ਦੀ ਸ਼ਿੱਦਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮੇਰਾ ਇਕ ਦੋਸਤ (ਪਿਆਰਾ ਸਿੰਘ ਪਾਲ) ਲੰਡਨ ਤੋਂ ਜਿਸ ਤਾਰੀਖ ਨੂੰ ਚਿੱਠੀ ਲਿਖਦਾ ਹੈ, ਉਸੇ ਤਾਰੀਖ਼ ਮੈਂ ਇਧਰੋਂ ਚਿੱਠੀ ਲਿਖ ਰਿਹਾ ਹੁੰਨਾਂ, ਇਹ ਬਹੁਤ ਵਾਰ ਵਾਪਰਿਆ ਹੈ। ਪਿਆਰਾ ਸਿੰਘ ਤੇ ਮੈਂ 5 ਸਾਲ ਇਕੱਠੇ ਪੜ੍ਹੇ, ਕਾਲਿਜ ਦੀ ਪੜ੍ਹਾਈ। ਤਿੰਨ ਸਾਲ ਉਹ ਮੇਰੇ ਘਰ ਹੀ ਰਿਹਾ। ਕਿਸੇ ਦਿਨ ਕਿਸੇ ਗੱਲ ਤੋਂ ਝਗੜਾ ਹੋ ਜਾਣਾ, ਮੈਂ ਕਹਿਣਾ, "ਪਿਆਰਿਆ! ਅੱਜ ਤੋਂ ਬਾਅਦ ਖ਼ਤਮ!" ਉਹਨੇ ਕਹਿਣਾ, "ਖ਼ਤਮ!" ਸ਼ਾਮ ਪੈ ਜਾਣੀ, ਅਸਾਂ ਇਕੱਠੇ ਰੋਟੀ ਖਾਣੀ, ਮੇਰੀ ਦਾਦੀ ਨੇ ਚਾਹ ਵੀ ਪਿਆਉਣੀ। ਦੋਵੇਂ ਚੁੱਪ! ਫਿਰ ਅਸਾਂ ਬੈਠਕ ਵਿਚ ਆਪਣੇ ਆਪਣੇ ਮੰਜੇ ਡਾਹ ਕੇ ਪੜ੍ਹਨਾ ਸ਼ੁਰੂ ਕਰ ਦੇਣਾ! ਕੋਈ ਨੌਂ ਵਜਣੇ ਤਾਂ ਪਿਆਰਾ ਸਿੰਘ ਨੇ ਕਹਿਣਾ, "ਕੁਲਬੀਰਿਆ! 'ਅਨਾਰਕਲੀ' ਹੁਣ "ਨਿਸ਼ਾਤ" ਵਿਚ ਲਗ ਗਈ ਆ, ਚਲ ਇਕ ਵਾਰ ਫੇਰ ਵੇਖੀਏ!" ਮੈਂ ਝਟ ਕਿਤਾਬ ਠੱਪਣੀ-ਉਰਿਓਂ ਪਰਿਓ ਪੈਸੇ ਇਕੱਠੇ ਕਰਨੇ ਤੇ 10 ਆਨੇ ਵਾਲੀ ਲਾਈਨ ਵਿਚ ਜਾ ਖਲੋਣਾ। ਰਾਤ ਇਕ ਵਜੇ ਵਾਪਸ ਆਉਂਦਿਆਂ ਚਾਟੀਵਿੰਡ ਦੇ ਬੁੱਢੇ ਦੁਕਾਨਦਾਰ ਤੋਂ ਕਾਨੇਗੱਡ ਚਾਹ ਪੀਣੀ ਤੇ ਫਿਰ ਆ ਕੇ ਪੜ੍ਹਦਿਆਂ ਪੜ੍ਹਦਿਆਂ ਸੌਂ ਜਾਣਾ। –1951 ਤੋਂ 82। ਇਕ ਯੁੱਗ ਉਸ ਨਾਲ ਬੀਤ ਗਿਆ ਹੈ। 1947 ਤੋਂ 82 ਇਕ ਯੁਗ ਗਿਆਨ (ਪ੍ਰਿੰ. ਆਹੂਜਾ) ਨਾਲ ਵੀ ਬੀਤ ਗਿਐ। ਕਾਹਨਾ (ਲੰਡਨ) ਤੇ ਗੁਰਮੁਖ ਹਰ ਪਲ ਅੱਖੀਆਂ ਸਾਹਵੇਂ ਰਹਿੰਦੇ ਨੇ। ਅੰਮ੍ਰਿਤਸਰ ਤੇ ਦਿੱਲੀ ਦੇ ਸਾਹਿਤਕਾਰਾਂ ਨਾਲ ਦੋਸਤੀ ਦੀ ਗੰਢ ਪਈ ਤਾਂ ਘਰ ਦੇ ਸੰਬੰਧਾਂ ਵਿਚ ਵਟ ਗਈ ਹੈ। 1960-61 ਵਿਚ ਕੰਵਲ ਕਲਸੀ ਤੇ ਕੈਲਾਸ਼ਪੁਰੀ ਜੀ ਨੇ ਕਲਮੀ ਦੋਸਤ ਦੀ ਚਿੱਠੀ ਪਾਈ ਸੀ-ਇਕ ਚਿੱਠੀ ਨੇ ਯੁਗਾਂ ਦਾ ਫਾਸਲਾ ਤੈਅ ਕੀਤਾ ਹੈ।

ਕਦੀ ਕਦੀ ਕਿਸੇ ਔਰਤ ਨਾਲ ਦੋਸਤੀ ਹੋਣ ਲਗਦੀ ਹੈ ਤਾਂ ਉਹ ਵਿਚ-ਵਿਚਾਲਿਓ ਹੀ ਟੁੱਟ ਜਾਂਦੀ ਹੈ, ਕਿਉਂਕਿ ਭਾਰਤ ਵਿਚ ਮਰਦ ਔਰਤ ਦੋਸਤ ਨਹੀਂ ਹੋ

ਸਕਦੇ। ਜ਼ਰਾ ਨੇੜੇ ਹੋਏ ਨਹੀਂ ਤੇ ਬਾਤਾਂ ਦੇ ਬਤੰਗੜ ਉਡ ਜਾਂਦੇ ਨੇ। ਮਰਦ ਔਰਤ ਵਿਚ ਕਾਮਨਾ ਤੋਂ ਇਲਾਵਾ ਵੀ ਕੋਈ ਸਾਂਝ ਹੈ !

ਜਸਵੰਤ ਰਾਹੀ ਜਦ ਵੀ ਚਿੱਠੀ ਲਿਖਦਾ ਹੈ ਤਾਂ ਸਲਾਮ, ਸਤਿ ਸ੍ਰੀ ਅਕਾਲ ਦੀ ਥਾਂ "ਜੈ ਦੋਸਤੀ!" ਲਿਖਦਾ ਹੈ ਪਹਿਲਾਂ ਪਹਿਲ ਮੈਨੂੰ ਉਸਦੇ ਇਸ ਸੰਬੋਧਨ ਵਿਚੋਂ ਵਿਖਾਵੇ ਦੀ ਝਲਕ ਪੈਂਦੀ ਸੀ, ਹੁਣ ਇਸ ਦੀ ਸਮਝ ਆਉਣ ਲਗੀ-ਕਿਉਂਕਿ ਹਰ ਆਦਮੀ ਦੋਸਤ ਨਹੀਂ ਹੋ ਸਕਦਾ। ਦੋਸਤੀ ਦੇ ਭੁਲੇਖਿਆਂ ਵਿਚੋਂ ਬੇਵਫ਼ਾਈ ਜਨਮ ਲੈਂਦੀ ਹੈ, ਵਰਨਾ ਦੋਸਤੀ ਤੇ ਬੇਵਫ਼ਾਈ ਦੇ ਮੁਤਜ਼ਾਦ ਗੱਲਾਂ ਹਨ।

ਜਿਸ ਮਨ ਵਿਚ ਦੋਸਤੀ ਦਾ ਬੂਟਾ, ਕਲੀਆਂ ਹਨ, ਫੁਲ ਖਿੜਦੇ ਹਨ, ਉਹ ਕਦੀ ਮੁਰਝਾ ਨਹੀਂ ਸਕਦਾ।